ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 20*Issue 38 Tuesday, February 23, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON

# ਫਾਈਜ਼ਰ ਤੇ ਮੌਡਰਨਾ ਕੋਲੋਂ ਇਸ ਹਫਤੇ ਕੈਨੇਡਾ ਨੂੰ ਹਾਸਲ ਹੋਣਗੀਆਂ ਵੈਕਸੀਨ ਦੀਆਂ 640,000 ਡੋਜ਼ਾਂ

ਓਟਵਾ, 22 ਫਰਵਰੀ (ਪੋਸਟ ਬਿਊਰੋ) : ਕੈਨੇਡਾ ਨੂੰ ਇਸ ਹਫਤੇ ਫਾਈਜ਼ਰ-ਬਾਇਓਐਨਟੈਕ ਤੇ ਮੌਡਰਨਾ ਕੋਲੋਂ ਕੋਵਿਡ-19 ਵੈਕਸੀਨ ਦੀਆਂ ਡੋਜ਼ਾਂ ਵੱਡੀ ਮਾਤਰਾ ਵਿੱਚ ਮਿਲਣ ਜਾ ਰਹੀਆਂ ਹਨ। ਇਸ ਦੇ ਨਾਲ ਹੀ ਕੈਨੇਡਾ ਆਪਣੇ ਵੱਲੋਂ ਵੈਕਸੀਨੇਸ਼ਨ ਦੀਆਂ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਨ ਜਾ ਰਿਹਾ ਹੈ।

ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ ਇਸ ਹਫਤੇ ਉਨ੍ਹਾਂ ਨੂੰ ਇਨ੍ਹਾਂ ਫਾਰਮਾਸਿਊਟੀਕਲ ਕੰਪਨੀਆਂ ਤੋਂ 640,000 ਤੋਂ ਵੱਧ ਸ਼ੌਟਸ ਹਾਸਲ ਹੋਣ ਦੀ ਉਮੀਦ ਹੈ। ਅਜਿਹਾ ਹੋਣ ਨਾਲ ਇੱਕ ਹਫਤੇ ਦੇ ਅੰਦਰ ਅੰਦਰ ਕੈਨੇਡਾ ਨੂੰ ਵੈਕਸੀਨ ਦੀ ਮਿਲਣ ਵਾਲੀ ਇਹ ਸੱਭ ਤੋਂ ਵੱਡੀ ਖੇਪ ਹੋਵੇਗੀ। ਇਸ ਤੋਂ ਪਹਿਲਾ ਰਿਕਾਰਡ ਪਿਛਲੇ ਹਫਤੇ ਉਸ ਸਮੇਂ ਬਣਿਆ ਸੀ ਜਦੋਂ ਫਾਈਜ਼ਰ ਤੇ



ਬਾਇਓਐਨਟੈਕ ਨੇ 400,000 ਡੋਜ਼ਾਂ ਕੈਨੇਡਾ ਨੂੰ ਮੁਹੱਈਆ ਕਰਵਾਈਆਂ ਸਨ।

ਦੋਵਾਂ ਕੰਪਨੀਆਂ ਵੱਲੋਂ ਇਸ ਹਫਤੇ 475,000 ਸ਼ੌਟਸ ਤੋਂ ਵੀ ਵੱਧ ਸ਼ੌਟਸ ਕੈਨੇਡਾ ਭੇਜੇ ਜਾਣਗੇ। ਇੰਜ ਲੱਗਦਾ ਹੈ ਕਿ ਦੋਵੇਂ ਕੰਪਨੀਆਂ ਮਾਰਚ ਦੇ ਅੰਤ ਤੱਕ 4 ਮਿਲੀਅਨ ਡੋਜ਼ਾਂ ਕੈਨੇਡਾ ਨੂੰ ਮੁਹੱਈਆ ਕਰਵਾਉਣ ਦੇ ਆਪਣੇ ਫੈਸਲੇ ਨੂੰ ਪੂਰਾ ਕਰਨਾ ਚਾਹੁੰਦੀਆਂ ਹਨ। ਇਸ ਹਫਤੇ ਕੈਨੇਡਾ ਨੂੰ ਮੌਡਰਨਾ ਤੋਂ ਵੀ 168,000 ਸ਼ੌਟਸ ਹਾਸਲ ਹੋਣਗੇ। ਇਹ ਕੰਪਨੀ ਹਰੇਕ ਤੀਜੇ ਹਫਤੇ ਕੈਨੇਡਾ ਨੂੰ ਆਪਣੀ ਵੈਕਸੀਨ ਭੇਜਦੀ ਹੈ। ਫਾਈਜ਼ਰ-ਬਾਇਓਐਨਟਕ ਤੋਂ ਉਲਟ ਮੌਡਰਨਾ ਵੱਲੋਂ ਭੇਜੀ ਜਾਣ ਵਾਲੀ ਵੈਕਸੀਨ ਉੱਤਰੀ ਤੇ ਰਿਮੋਟ ਕਮਿਊਨਿਟੀਜ਼ ਤੱਕ ਪਹੁੰਚਾਈ ਜਾਂਦੀ ਹੈ।

# 300 ਪਲੱਸ ਪੀਐਸਡਬਲਿਊਜ਼ ਦੀ ਟਰੇਨਿੰਗ ਉੱਤੇ 4 ਮਿਲੀਅਨ ਡਾਲਰ ਖਰਚ ਕਰੇਗੀ ਫੋਰਡ ਸਰਕਾਰ

ਓਨਟਾਰੀਓ, 22 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਸੈਂਕੜੇ ਪਰਸਨਲ ਸਪੋਰਟ ਵਰਕਰਜ਼ (ਪੀਐਸਡਬਲਿਊਜ਼) ਨੂੰ ਟਰੇਨਿੰਗ ਦੇਣ ਲਈ ਚਾਰ ਮਿਲੀਅਨ ਡਾਲਰ ਖਰਚਣ ਦੀ ਤਿਆਰੀ ਕਰ ਰਹੀ ਹੈ।

ਲਾਂਗ ਟਰਮ ਕੇਅਰ ਮੰਤਰੀ ਡਾ• ਮੈਰਿਲੀ ਫੁਲਰਟਨ ਦਾ ਕਹਿਣਾ ਹੈ ਕਿ ਇਹ ਰਕਮ ਮਹਾਂਮਾਰੀ ਵਿੱਚ ਸੱਭ ਤੋਂ ਵੱਧ ਪ੍ਰਭਾਵਿਤ ਹੋਏ ਰੀਜਨਜ਼ ਲਈ ਦਿੱਤੀ ਜਾਵੇਗੀ ਤੇ ਇਸ ਨਾਲ 373 ਨਵੇਂ ਪੀਐਸਡਬਲਿਊਂ ਨੂੰ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਵੱਲੋਂ ਵੱਧ ਤੋਂ ਵੱਧ ਲੋਕਾਂ ਨੂੰ ਇਸ ਪ੍ਰੋਫੈਸ਼ਨ ਨਾਲ ਜੁੜਨ ਲਈ ਹੱਲਾਸ਼ੇਰੀ ਵੀ ਦਿੱਤੀ ਗਈ। ਫੁਲਰਟਨ ਨੇ ਆਖਿਆ ਕਿ ਕਮਜ਼ੋਰ ਲੋਕਾਂ ਦੀਆਂ ਜ਼ਿੰਦਗੀਆਂ ਬਦਲਣ ਦਾ ਇਹ ਸੁਨਹਿਰਾ ਮੌਕਾ ਹੈ। ਸਾਡੇ ਪੀਐਸਡਬਲਿਊਂ ਸਾਡੇ ਲਈ ਬ ਹ੍ ਤ ਮਾਇਨੇ ਰੱਖਦੇ ਹਨ। ਰੋਜ਼ਾਨਾ ਸਾਡੇ ਹੈਲਥ ਕੇਅਰ ਹੀਰੋਜ਼ ਜਿਹੜਾ ਕੰਮ ਕਰ ਰਹੇ ਹਨ ਅਸੀਂ ਉਨ੍ਹਾਂ ਦੇ ਬਹੁਤ ਸ਼ੁਕਰਗੁਜ਼ਾਰ ਹਾਂ।

ਇਹ ਫੰਡ ਅੱਠ ਪ੍ਰੋਜੈਕਟਾਂ ਲਈ ਖਰਚ ਕੀਤੇ ਜਾਣਗੇ :

- ਪੀਐਸਡਬਲਿਊ ਟਰੇਨਿੰਗ ਵਾਲੇ ਲੋਕਲ ਓਨਟਾਰੀਓ ਵਰਕਜ਼ ਦੇ 20 ਬੇਰੋਜ਼ਗਾਰ ਨੌਕਰੀ ਚਾਹੁਣ ਵਾਲਿਆਂ ਨੂੰ ਨਾਲ ਜੋੜਨ ਲਈ ਕੈਨੇਡੋਰ ਕਾਲਜ ਲਈ 295,500 ਡਾਲਰ
- ਲੈਨਾਰਕ ਵਿੱਚ ਰੈਨਫਰਿਊ ਕਾਊਂਟੀਜ਼ ਵਿੱਚ 60 ਪਾਰਅੀਸਿਪੈਂਟਸ ਨੂੰ ਟਰੇਨਿੰਗ ਦੇਣ ਲਈ ਤੇ ਪਾਥਵੇਅ 2ਪੀਐਸਡਬਲਿਊ ਪ੍ਰੋਜੈਕਟ ਦੀ ਮਦਦ ਲਈ ਕੈਨੇਡੀਅਨ ਕਰੀਅਰ ਅਕੈਡਮੀ ਆਫ ਬਿਜ਼ਨਸ ਐਂਡ ਟੈਕਨਾਲੋਜੀ ਇਨਕਾਰਪੋਰੇਸ਼ਨ ਵਾਸਤੇ 941,000 ਡਾਲਰ
- ਇੰਪਲੌਇਰਜ਼ ਨੂੰ ਨੌਕਰੀ ਲਈ ਤਿਆਰ 20 ਹੁਨਰਮੰਦ ਵਰਕਰਜ਼ ਮੁਹੱਈਆ ਕਰਵਾਉਣ ਅਤੇ ਹੈਲਥ ਕੇਅਰ ਸੈਕਟਰ ਵਿੱਚ ਇੰਪਲੌਇਮੈਂਟ ਐਂਡ ਟਰੇਨਿੰਗ ਸਰਵਿਸਿਜ਼ ਵਾਲੇ ਪਾਰਟੀਸਿਪੈਂਟਸ ਮੁਹੱਈਆ ਕਰਵਾਉਣ ਲਈ ਮੋਹਾਕ ਕਾਲਜ ਆਫ ਅਪਲਾਈਡ ਆਰਟਸ ਐਂਡ ਟੈਕਨਾਲੋਜੀ ਲਈ 265,810 ਡਾਲਰ



ਸਰਕਾਰ ਦਾ ਕਹਿਣਾ ਹੈ ਕਿ ਕੁੱਝ ਪ੍ਰੋਜੈਕਟ ਪਹਿਲਾਂ ਹੀ ਚੱਲ ਰਹੇ ਹਨ ਜਦਕਿ ਬਾਕੀ ਹੋਰ ਬਸੰਤ ਵਿੱਚ ਸ਼ੁਰੂ ਹੋਣਗੇ। ਸਰਕਾਰ ਦਾ ਕਹਿਣਾ ਹੈ ਕਿ ਇਸ ਵਿੱਚੋਂ ਕੁੱਝ ਰਕਮ ਅਜਿਹੇ ਐਜੁਕੇਸ਼ਨਲ ਰਿਸੋਰਸ ਤਿਆਰ ਕਰਨ ਲਈ ਵੀ ਵਰਤੀ ਜਾਵੇਗੀ ਜਿਸ ਨਾਲ ਪੀਐਸਡਬਲਿਊਜ਼ ਦਾ ਇਨਫੈਕਸ਼ਨਜ਼ ਨੂੰ ਐਕਸਪੋਜ਼ਰ ਘੱਟ ਸਕੇ। ਐਨਡੀਪੀ ਆਗੂ ਐਂਡਰੀਆ ਹੋਰਵਥ ਵੱਲੋਂ ਪੀਐਸਡਬਲਿਊਜ਼ ਦੇ ਭੱਤਿਆਂ ਵਿੱਚ ਇੱਕ ਘੰਟੇ ਦਾ ਚਾਰ ਡਾਲਰ ਦਾ ਵਾਧਾ ਕਰਨ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਸੋਮਵਾਰ ਨੂੰ ਇੱਕ ਵਾਰੀ ਫਿਰ ਮਤਾ ਲਿਆਂਦਾ ਪਰ ਡੱਗ ਫੋਰਡ ਤੇ ਪ੍ਰੋਗਰੈਸਿਵ ਕੰਜ਼ਰਵੇਟਿਵ ਐਮਪੀਪੀਜ਼ ਵੱਲੋਂ ਇਸ ਦੇ ਖਿਲਾਫ ਵੋਟ ਪਾਈ ਗਈ।

# ਯੌਰਕ ਰੀਜਨ ਵਿੱਚ ਖੁੱਲ੍ਹਣਗੇ ਰੈਸਟੋਰੈਂਟਸ ਤੇ ਰੀਟੇਲ ਕਾਰੋਬਾਰ

## ਟੋਰਾਂਟੋ ਤੇ ਪੀਲ ਵਿੱਚ ਸਟੇਅ ਐਟ ਹੋਮ ਆਰਡਰ ਜਾਰੀ ਰਹਿਣਗੇ

ਟੋਰਾਂਟੋ, 22 ਫਰਵਰੀ (ਪੋਸਟ ਬਿਊਰੋ) : ਜੀਟੀਏ ਦਾ ਕੋਵਿਡ-19 ਹੌਟ ਸਪੌਟ ਰਹਿ ਚੁੱਕਿਆ ਏਰੀਆ ਸੋਮਵਾਰ ਤੋਂ ਪ੍ਰੋਵਿੰਸ ਦੇ ਕਲਰ ਕੋਡ ਸਿਸਟਮ ਵਿੱਚ ਆ ਰਿਹਾ ਹੈ ਜਦਕਿ ਟੋਰਾਂਟੋ ਤੇ ਪੀਲ ਰੀਜਨ ਵਿੱਚ ਸਟੇਅ ਐਟ ਹੋਮ ਆਰਡਰ ਜਾਰੀ ਰਹਿਣਗੇ।



ਪ੍ਰੋਵਿੰਸ ਦੇ ਪੈਨਡੈਮਿਕ ਫਰੇਮਵਰਕ ਦੇ ਦੂਜੇ ਸੱਭ ਤੋਂ ਪਾਬੰਦੀਸ਼ੁਦਾ ਪੱਧਰ ਉੱਤੇ ਯੌਰਕ ਰੀਜਨ ਵਿੱਚ ਕਾਰੋਬਾਰਾਂ ਨੂੰ ਖੁੱਲ੍ਹਣ ਦੀ ਇਜਾਜ਼ਤ ਹੋਵੇਗੀ। ਗੈਰ ਜ਼ਰੂਰੀ ਰੀਟੇਲਰਜ਼ ਤੇ ਰੈਸਟੋਰੈਂਟਸ ਕਸਟਮਰਜ਼ ਨੂੰ ਵਾਪਿਸ ਸੱਦ ਸਕਣਗੇ। ਪਰ ਇਨ੍ਹਾਂ ਸਟੋਰਜ਼ ਤੇ ਦੁਕਾਨਾਂ ਆਦਿ ਉੱਤੇ ਗਾਹਕਾਂ ਦੇ ਸੀਮਤ ਦਾਖਲੇ ਤੇ ਫਿਜ਼ੀਕਲ ਡਿਸਟੈਂਸਿੰਗ ਦਾ ਧਿਆਨ ਰੱਖਿਆ ਜਾਣਾ ਲਾਜ਼ਮੀ ਕੀਤਾ ਗਿਆ ਹੈ।

ਫੋਰਡ ਸਰਕਾਰ ਨੇ ਸ਼ੁੱਕਰਵਾਰ ਨੂੰ ਇਹ ਐਲਾਨ ਕੀਤਾ ਸੀ ਕਿ ਯੌਰਕ ਰੀਜਨ ਨੂੰ ਰੈੱਡ ਜ਼ੋਨ ਵਿੱਚ ਰੱਖਿਆ ਜਾ ਰਿਹਾ ਹੈ। ਇਸ ਦੌਰਾਨ ਦਰਹਾਮ, ਹਾਲਟਨ, ਹੈਮਿਲਟਨ ਤੇ ਹੋਰ ਰੀਜਨਜ਼ ਵੀ ਇਸ ਜ਼ੋਨ ਵਿੱਚ ਉਸ ਦੇ ਨਾਲ ਹੋਣਗੇ। ਸਰਕਾਰ ਨੇ ਟੋਰਾਂਟੋ ਤੇ ਪੀਲ ਨੂੰ ਇਸ ਜ਼ੋਨ ਵਿੱਚ ਦਾਖਲ ਹੋਣ ਤੋਂ ਰੋਕ ਲਿਆ ਸੀ। ਇਸ ਦੌਰਾਨ ਮਾਰਖਮ ਦੇ ਮੇਅਰ ਫਰੈਂਕ ਸਕਾਰਪਿੱਤੀ ਨੇ ਸੋਮਵਾਰ ਨੂੰ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਚੀਜ਼ਾਂ ਰੀਓਪਨ ਹੋ ਰਹੀਆਂ ਹਨ। ਪਰ ਉਨ੍ਹਾਂ ਆਖਿਆ ਕਿ ਉਹ ਚਾਹੁੰਦੇ ਹਨ ਕਿ ਅਜਿਹਾ ਹੌਲੀ ਹੌਲੀ ਹੋਵੇ।

ਦੋ ਹਫਤੇ ਤੋਂ ਬਾਅਦ ਸਰਕਾਰ ਪਬਲਿਕ ਹੈਲਥ ਤੇ ਵਰਕਪਲੇਸ ਸੇਫਟੀ ਮਾਪਦੰਡਾਂ ਦੇ ਅਸਰ ਦਾ ਜਾਇਜ਼ਾ ਲਵੇਗੀ। ਅਜਿਹਾ ਇਸ ਲਈ ਕੀਤਾ ਜਾਵੇਗਾ ਤਾਂ ਕਿ ਇਹ ਤੈਅ ਕੀਤਾ ਜਾ ਸਕੇ ਕਿ ਰੀਜਨ ਨੂੰ ਉੱਥੇ ਹੀ ਰੱਖਿਆ ਜਾਵੇ ਜਿੱਥੇ ਹੁਣ ਹੈ ਜਾਂ ਵੱਖਰੇ ਪੱਧਰ ਉੱਤੇ ਲਿਜਾਇਆ ਜਾਵੇ।

# ਸਪਲਾਈ ਉਪਲਬਧ ਹੋਣ ਉੱਤੇ ਪੀਲ, ਟੋਰਾਂਟੋ ਵਿੱਚ ਖੁੱਲ੍ਹਣਗੇ ਵੈਕਸੀਨੇਸ਼ਨ ਕਲੀਨਿਕ

ਟੋਰਾਂਟੋ, 22 ਫਰਵਰੀ (ਪੋਸਟ ਬਿਊਰੋ) : ਵੈਕਸੀਨੇਸ਼ਨ ਤੇਜ਼ ਕਰਨ ਲਈ ਪੀਲ ਰੀਜਨ ਵੱਲੋਂ ਪੂਰੀ ਤਿਆਰੀ ਕੀਤੀ ਜਾ ਰਹੀ ਹੈ। ਇੱਕ ਵਾਰੀ ਵੈਕਸੀਨ ਸਪਲਾਈ ਉਪਲਬਧ ਹੋਣ ਤੋਂ ਬਾਅਦ ਰੀਜਨ ਵਿੱਚ ਤਿੰਨ ਮਾਸ ਵੈਕਸੀਨੇਸ਼ਨ ਕਲੀਨਿਕਸ ਖੋਲ੍ਹੇ ਜਾਣਗੇ।



ਮਿਸੀਸਾਗਾ ਵਿੱਚ ਪੈਰਾਮਾਊਂਟ ਫਾਈਨ ਫੂਡਜ਼ ਸੈਂਟਰ ਆਪਣੀ ਪੂਰੀ ਸਮਰੱਥਾ ਦੌਰਾਨ ਇੱਕ ਘੰਟੇ ਦੇ ਅੰਦਰ 600 ਲੋਕਾਂ ਨੂੰ ਵੈਕਸੀਨੇਟ ਕਰਨ ਦੇ ਸਮਰੱਥ ਹੋਵੇਗਾ। ਬਰੈਂਪਟਨ ਵਿੱਚ ਬਰੈਂਪਟਨ ਸੌਕਰ ਸੈਂਟਰ ਵਿੱਚ ਇੱਕ ਘੰਟੇ ਦੇ ਅੰਦਰ 500 ਲੋਕਾਂ ਨੂੰ ਵੈਕਸੀਨੇਟ ਕਰਨ ਦੀ ਸਮਰੱਥਾ ਹੋਵੇਗੀ। ਤੀਜਾ ਕਲੀਨਿਕ ਕੇਲਡਨ ਵਿੱਚ ਕੇਲਡਨ ਈਸਟ ਕਮਿਊਨਿਟੀ ਕਾਂਪਲੈਕਸ ਵਿੱਚ ਕਾਇਮ ਕੀਤਾ ਗਿਆ ਹੈ। ...ਬਾਕੀ ਪੰਨਾ 2 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit, LMIA / Work permit, Permanent Residency, Family Sponsorship, Nanny, Visitor Visa, Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1

ALL KINDS OF IMMIGRATION SERVICES
Call: 416 278 4449 / 204 295 4449
World Gateway Immigration Company since 2010
Get PERMANENT RESIDENCY. If You are on Work Permit/Visitor in Canada
ZORA KAINTH
Toronto: 149-2960 Drew Road, Mississauga Winnipeg: 678 McphillipsStreet, Winnipeg

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4 Open Saturday
Providing excellent quality legal services to our clients

PEST PROBLEM ? Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
100% Customer Satisfaction
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre AvonFinancial
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
Jaswant Sehmbi: 647.524.0885

KELLEY LAW OFFICE
Immigration, Family Law, Corporate, Real Estate, Business Closing, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
Real Estate Law, Wills & Estates, Power of Attorney, Affidavits Notarization / Declaration, Business Law, Family Law, Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

## ਸਪਲਾਈ ਉਪਲਬਧ ਹੋਣ ਉੱਤੇ ਪੀਲ, ਟੋਰਾਂਟੋ ਵਿੱਚ ਖੁੱਲ੍ਹਣਗੇ ਵੈਕਸੀਨੇਸ਼ਨ ਕਲੀਨਿਕ

.....ਪੰਨਾ 1 ਦਾ ਬਾਕੀ

ਪੀਲ ਦੇ ਮਾਸ ਵੈਕਸੀਨੇਸ਼ਨ ਪਲੈਨ ਦੇ ਹਿੱਸੇ ਵਜੋਂ ਓਨਟਾਰੀਓ ਦੇ ਪੜਾਅਵਾਰ ਵੈਕਸੀਨ ਸ਼ਡਿਊਲ ਮੁਤਾਬਕ ਇਨ੍ਹਾਂ ਤਿੰਨ ਕਲੀਨਿਕਸ ਵਿੱਚ ਅਗਲੇ ਪ੍ਰਾਇਓਰਿਟੀ ਗਰੁੱਪ ਦਾ ਟੀਕਾਕਰਣ ਕੀਤਾ ਜਾਵੇਗਾ। ਅਗਲੇ ਪ੍ਰਾਇਓਰਿਟੀ ਗਰੁੱਪ ਵਿੱਚ 80 ਸਾਲ ਤੋਂ ਵੱਧ ਦੀ ਉਮਰ ਦੇ ਲੋਕ, ਰਿਟਾਇਰਮੈਂਟ ਹੋਮਜ਼ ਦਾ ਸਟਾਫ ਤੇ ਰੈਜ਼ੀਡੈਂਟਸ, ਹਾਇ ਪ੍ਰਾਇਓਰਿਟੀ ਹੈਲਥ ਕੇਅਰ ਵਰਕਰਜ਼, ਮੂਲਵਾਸੀ ਬਾਲਗ ਤੇ ਕ੍ਰੌਨਿਕ ਹੋਮ ਕੇਅਰ ਰੈਸੀਪੀਐਂਟਸ ਸ਼ਾਮਲ ਹੋਣਗੇ।

ਅਜੇ ਤੱਕ ਕਿਸੇ ਦੀ ਕੋਈ ਅਪੁਆਇੰਟਮੈਂਟ ਬੁੱਕ ਨਹੀਂ ਕੀਤੀ ਗਈ ਹੈ। ਆਉਣ ਵਾਲੇ ਦਿਨਾਂ ਵਿੱਚ ਪੀਲ ਅਧਿਕਾਰੀਆਂ ਵੱਲੋਂ ਹੋਰ ਅਪਡੇਟਸ ਮੁਹੱਈਆ ਕਰਵਾਏ ਜਾਣਗੇ।

## ਕੈਨੇਡਾ ਪੋਸਟ ਨੂੰ ਪ੍ਰੋਵਿੰਸ਼ੀਅਲ ਜਾਂਚ ਤੋਂ ਰੱਖਿਆ ਜਾਵੇਗਾ ਪਾਸੇ




ਮਿਸੀਸਾਗਾ, 22 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਲੇਬਰ ਇੰਸਪੈਕਟਰਜ਼ ਵੱਲੋਂ ਵੇਅਰਹਾਊਸਿਜ਼ ਤੇ ਡਿਸਟ੍ਰੀਬਿਊਸ਼ਨ ਸੈਂਟਰਜ਼ ਦੀ ਜਾਂਚ ਕੀਤੀ ਜਾਵੇਗੀ ਪਰ ਕੋਵਿਡ-19 ਦੀ ਆਊਟਬ੍ਰੇਕ ਵਾਲੀ ਸੱਭ ਤੋਂ ਵੱਡੇ ਵਰਕਪਲੇਸ ਕੈਨੇਡਾ ਪੋਸਟ ਦੀ ਜਾਂਚ ਨਹੀਂ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਮਿਸੀਸਾਗਾ ਵਿੱਚ ਕੈਨੇਡਾ ਪੋਸਟ ਦੇ ਮੁੱਖ ਆਫਿਸ ਦੇ 300 ਤੋਂ ਵੀ ਵੱਧ ਮੁਲਾਜ਼ਮ ਇਸ ਸਾਲ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਪਾਜ਼ੀਟਿਵ ਆ ਚੁੱਕੇ ਹਨ। ਇੱਥੋਂ ਤੱਕ ਕਿ ਇੱਕ ਮੁਲਾਜ਼ਮ ਦੀ ਮੌਤ ਵੀ ਹੋ ਚੁੱਕੀ ਹੈ। ਆਊਟਬ੍ਰੇਕ ਕਾਰਨ ਕੰਮਕਾਜ ਉੱਤੇ ਅਸਰ ਪੈਣ ਕਾਰਨ ਕੈਨੇਡਾ ਪੋਸਟ ਵੱਲੋਂ ਦੇਸ਼ ਭਰ ਦੇ ਆਪਣੇ ਗਾਹਕਾਂ ਨੂੰ ਡਲਿਵਰੀਜ਼ ਵਿੱਚ ਹੋਣ ਵਾਲੀ ਦੇਰ ਬਾਰੇ ਪਹਿਲਾਂ ਹੀ ਜਾਣਕਾਰੀ ਦੇ ਦਿੱਤੀ ਗਈ ਸੀ।

ਕੈਨੇਡਾ ਪੋਸਟ ਫੈਡਰਲ ਤੌਰ ਉੱਤੇ ਨਿਯੰਤਰਿਤ ਕੀਤੀ ਜਾਣ ਵਾਲੀ ਕ੍ਰਾਊਨ ਕਾਰਪੋਰੇਸ਼ਨ ਹੈ, ਇਸ ਲਈ ਇਸ ਦੀ ਜਾਂਚ ਪ੍ਰੋਵਿੰਸ ਦੇ ਅਧਿਕਾਰ ਖੇਤਰ ਵਿੱਚ ਨਹੀ ਆਉਂਦੀ। ਓਨਟਾਰੀਓ ਦੇ ਲੇਬਰ ਮੰਤਰੀ ਮੌਂਟੀ ਮੈਕਨਾਟਨ ਇਸ ਮਹੀਨੇ ਦੇ ਸ਼ੁਰੂ ਵਿੱਚ ਆਖ ਚੁੱਕੇ ਹਨ ਕਿ ਮੰਤਰਾਲੇ ਵੱਲੋਂ ਪੀਲ ਰੀਜਨ ਦੇ ਵੇਅਰਹਾਊਸਿਜ਼ ਤੇ ਡਿਸਟ੍ਰੀਬਿਊਸ਼ਨ ਸੈਂਟਰਜ਼ ਉੱਤੇ ਹੀ ਧਿਆਨ ਕੇਂਦਰਿਤ ਕੀਤਾ ਜਾਵੇਗਾ। ਮੈਕਨਾਟਨ ਇਹ ਵੀ ਆਖ ਚੁੱਕੇ ਹਨ ਕਿ ਕੈਨੇਡਾ ਪੋਸਟ ਦੀ ਕੰਮ ਵਾਲੀ ਥਾਂ ਦੀ ਜਾਂਚ ਦੀ ਜ਼ਿੰਮੇਵਾਰੀ ਫੈਡਰਲ ਸਰਕਾਰ ਦੀ ਹੈ।

# ਮਨੁੱਖੀ ਸਮਗਲਿੰਗ ਖਿਲਾਫ ਲੜਨ ਲਈ ਓਨਟਾਰੀਓ ਵਿੱਚ ਬਣਾਇਆ ਗਿਆ ਨਵਾਂ ਕਾਨੂੰਨ

ਟੋਰਾਂਟੋ, 22 ਫਰਵਰੀ (ਪੋਸਟ ਬਿਊਰੋ) : ਮਨੁੱਖੀ ਸਮਗਲਿੰਗ ਦੇ ਸਬੰਧ ਵਿੱਚ ਓਨਟਾਰੀਓ ਸਰਕਾਰ ਵੱਲੋਂ ਨਵੇਂ ਕਾਨੂੰਨ ਦਾ ਐਲਾਨ ਕੀਤਾ ਗਿਆ ਹੈ। ਜਿਨ੍ਹਾਂ ਬੱਚਿਆਂ ਦਾ ਸ਼ੋਸ਼ਣ ਹੋਇਆ ਉਨ੍ਹਾਂ ਦੀ ਹਿਫਾਜ਼ਤ ਉੱਤੇ ਧਿਆਨ ਕੇਂਦਰਿਤ ਕਰਨ ਤੇ ਲਾਅ ਐਨਫੋਰਸਮੈਂਟ ਅਧਿਕਾਰੀਆਂ ਦੇ ਹੱਥ ਹੋਰ ਮਜ਼ਬੂਤ ਕਰਨ ਲਈ ਇਹ ਕਾਨੂੰਨ ਲਿਆਂਦਾ ਗਿਆ ਹੈ।

ਸੋਮਵਾਰ ਨੂੰ ਕੁਈਨਜ਼ ਪਾਰਕ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਕੈਨੇਡਾ ਵਿੱਚ ਇਹ ਆਪਣੀ ਕਿਸਮ ਦਾ ਕਾਨੂੰਨ ਹੋਵੇਗਾ ਜੋ ਕਿ ਪ੍ਰੋਵਿੰਸ ਦੀ ਮਨੁੱਖੀ ਸਮਗਲਿੰਗ ਵਿਰੋਧੀ ਰਣਨੀਤੀ ਉੱਤੇ 307 ਮਿਲੀਅਨ ਡਾਲਰ ਦੇ ਨਿਵੇਸ਼ ਨਾਲ ਕਾਇਮ ਹੋਇਆ ਹੈ।

ਕੌਮੀ ਮਨੁੱਖੀ ਸਮਗਲਿੰਗ ਅਵੇਅਰਨੈੱਸ ਡੇਅ ਮੌਕੇ ਸੌਲੀਸਿਟਰ ਜਨਰਲ ਸਿਲਵੀਆ ਜੋਨਜ਼,



ਐਸੋਸਿਏਟ ਮਨਿਸਟਰ ਆਫ ਚਿਲਡਰਨ ਐਂਡ ਵੂਮਨਜ਼ ਇਸ਼ੂਜ਼ ਜਿੱਲ ਡਨਲਪ ਦੀ ਹਾਜ਼ਰੀ ਵਿੱਚ ਪ੍ਰੀਮੀਅਰ ਫੋਰਡ ਨੇ ਆਖਿਆ ਕਿ ਇਹ ਨਵਾਂ ਕਾਨੂੰਨ ਤੇ ਮੌਜੂਦਾ ਕਾਨੂੰਨ ਵਿੱਚ ਸੋਧ ਨਾਲ ਜਾਗਰੂਕਤਾ ਪੈਦਾ ਹੋਵੇਗੀ, ਇਸ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਦੀ ਹਿਫਾਜ਼ਤ ਹੋਵੇਗੀ, ਸਰਵਾਈਵਰਜ਼ ਦੀ ਮਦਦ ਕਰਾਂਗੇ ਤੇ ਮੁਜਰਮਾਂ ਨੂੰ ਜਵਾਬਦੇਹ ਠਹਿਰਾਵਾਂਗੇ।

ਫੋਰਡ ਨੇ ਅੱਗੇ ਆਖਿਆ ਕਿ ਮਨੁੱਖੀ ਸਮਗਲਿੰਗ ਦੇ ਪਿੱਛੇ ਕੰਮ ਕਰਨ ਵਾਲੇ ਲੋਕਾ ਦੁਨੀਆਂ ਵਿੱਚ ਸੱਭ ਤੋਂ ਗਏ ਗੁਜ਼ਰੇ ਹਨ। ਉਹ ਨੌਜਵਾਨ ਤੇ ਕਮਜ਼ੋਰ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹਨ। ਫੋਰਡ ਨੇ ਆਖਿਆ ਕਿ ਓਨਟਾਰੀਓ ਮਨੁੱਖੀ ਸਮਗਲਿੰਗ ਦਾ ਗੜ੍ਹ ਬਣ ਚੁੱਕਿਆ ਹੈ। ਦੇਸ਼ ਵਿੱਚ 2019 ਵਿੱਚ ਜਿੰਨੀਆਂ ਵੀ ਮਨੁੱਖੀ ਸਮਗਲਿੰਗ ਦੀਆਂ ਘਟਨਾਵਾਂ ਵਾਪਰੀਆਂ ਉਨ੍ਹਾਂ ਵਿੱਚੋਂ ਸੱਭ ਤੋਂ ਵੱਧ ਇੱਥੇ ਹੀ ਪਾਈਆਂ ਗਈਆਂ।

## ਟੋਰਾਂਟੋ ਦੇ ਇੱਕੋ ਇਲਾਕੇ ਵਿੱਚ ਵਾਪਰੀਆਂ ਛੁਰੇਬਾਜ਼ੀ ਦੀਆਂ ਦੋ ਘਟਨਾਵਾਂ, ਦੋ ਜ਼ਖ਼ਮੀ

ਟੋਰਾਂਟੋ, 22 ਫਰਵਰੀ (ਪੋਸਟ ਬਿਊਰੋ) : ਇੱਕੋ ਇਲਾਕੇ ਵਿੱਚ ਵੱਖ ਵੱਖ ਸਮੇਂ ਵਾਪਰੀਆਂ ਛੁਰੇਬਾਜ਼ੀ ਦੀਆਂ ਦੋ ਘਟਨਾਵਾਂ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ। ਇਹ ਘਟਨਾਵਾਂ ਚਾਰ ਘੰਟਿਆਂ ਦੇ ਵਕਫੇ ਨਾਲ ਵਾਪਰੀਆਂ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਐਤਵਾਰ ਨੂੰ ਰਾਤੀਂ 11:50 ਉੱਤੇ ਵੈਸਟਨ ਰੋਡ ਤੇ ਲਾਅਰੈਂਸ ਐਵਨਿਊ ਵੈਸਟ ਨੇੜੇ ਬੱਸ ਸਟੌਪ ਉੱਤੇ ਪਹਿਲੀ ਘਟਨਾ ਵਾਪਰੀ। ਪੁਲਿਸ ਨੇ ਦੱਸਿਆ ਕਿ ਇੱਕ ਬੱਸ ਵਿੱਚ ਸਵਾਰ ਦੋ ਵਿਅਕਤੀਆਂ ਦਰਮਿਆਨ ਤੂੰ ਤੂੰ ਮੈਂ ਮੈਂ ਹੋ ਗਈ। ਇੱਕ 30 ਸਾਲਾ ਵਿਅਕਤੀ ਜਦੋਂ ਬੱਸ ਵਿੱਚੋਂ ਬਾਹਰ ਨਿਕਲਿਆ ਤਾਂ ਉਸ ਉੱਤੇ ਦੂਜੇ ਨੇ ਹਮਲਾ ਕਰ ਦਿੱਤਾ। ਉਹ ਦੱਖਣ ਵੱਲ 200 ਮੀਟਰ ਤੱਕ ਦੌੜਿਆ ਤੇ ਉੱਥੋਂ ਐਮਰਜੰਸੀ ਅਮਲੇ ਨੇ ਉਸ ਨੂੰ ਹਸਪਤਾਲ ਪਹੁੰਚਾਇਆ।




ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਪਰ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਇਸ ਘਟਨਾ ਤੋਂ ਚਾਰ ਘੰਟੇ ਬਾਅਦ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਇੱਕ ਵਾਰੀ ਫਿਰ ਇਸ ਇਲਾਕੇ ਵਿੱਚ ਹੀ ਦੋ ਵਿਅਕਤੀਆਂ ਵਿਚਾਲੇ ਹੋਏ ਝਗੜੇ ਤੋਂ ਬਾਅਦ ਸੱਦਿਆ ਗਿਆ। ਇੱਕ 40 ਸਾਲਾ ਵਿਅਕਤੀ ਉੱਤੇ ਕਿਸੇ ਨੇ ਤੇਜ਼ ਧਾਰ ਹਥਿਆਰ ਨਾਲ ਵਾਰ ਕੀਤੇ ਸਨ ਤੇ ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਐਮਰਜੰਸੀ ਅਮਲੇ ਦੇ ਪਹੁੰਚਣ ਤੋਂ ਪਹਿਲਾਂ ਹੀ ਮਸ਼ਕੂਕ ਮੌਕੇ ਤੋਂ ਫਰਾਰ ਹੋ ਗਿਆ।

## ਟਿਕਰੀ ਬਾਰਡਰ ਉੱਤੇ ਬੈਠੇ ਕਿਸਾਨਾਂ ਨੂੰ ਦਿੱਲੀ ਪੁਲਿਸ ਵੱਲੋਂ ਧਰਨਾ ਚੁੱਕਣ ਦੀ ਚੇਤਾਵਨੀ

### * ਥਾਂ-ਥਾਂ ਚਿਤਾਵਨੀ ਬੋਰਡ ਲਗਵਾ ਦਿੱਤੇ ਗਏ

ਨਵੀਂ ਦਿੱਲੀ, 22 ਫਰਵਰੀ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਬਣਾਏ ਤਿੰਨ ਨਵੇਂ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਮੰਗ ਲਈ ਟਿਕਰੀ ਬਾਰਡਰ ਉੱਤੇ ਬੈਠੇ ਕਿਸਾਨਾਂ ਨੂੰ ਦਿੱਲੀ ਪੁਲਿਸ ਨੇ ਧਰਨਾ ਚੁੱਕਣ ਦੀ ਚੇਤਾਵਨੀ ਦੇ ਦਿਤੀ ਅਤੇ ਕਿਸਾਨ ਅੰਦੋਲਨ ਦੇ ਸੰਬੰਧ ਵਿਚ ਕਿਸਾਨਾਂ ਦੇ ਨਾਮ ਕਾਨੂੰਨੀ ਚਿਤਾਵਨੀ ਜਾਰੀ ਕੀਤੀ ਹੈ, ਜਿਸ ਵਿਚ ਇਸ ਧਰਨੇ ਨੂੰ ਗ਼ੈਰ ਕਾਨੂੰਨੀ ਕਹਿ ਕੇ ਕਾਨੂੰਨੀ ਕਾਰਵਾਈ ਕਰਨ ਦੀ ਗੱਲ ਕਹੀ ਗਈ ਹੈ।

ਦਿੱਲੀ ਪੁਲਿਸ ਨੇ ਟਿਕਰੀ ਬਾਰਡਰ ਨੇੜੇ ਪੁਲਿਸ ਬੈਰੀਕੇਡਾਂ ਦੇ ਉੱਪਰ ਕਾਨੂੰਨੀ ਚਿਤਾਵਨੀ ਦੇ ਤਿੰਨ ਬੋਰਡ ਲਵਾਏ ਹਨ। ਇਨ੍ਹਾਂ ਬੋਰਡਾਂ ਵਿਚ ਸਾਫ਼ ਲਿਖਿਆ ਗਿਆ ਹੈ ਕਿ ਤੁਹਾਡਾ ਮਜਮਾ ਕਾਨੂੰਨ ਵਿਰੁੱਧ ਕਰਾਰ ਦਿਤਾ ਗਿਆ ਹੈ। ਤੁਹਾਨੂੰ ਚੇਤਾਵਨੀ




ਦਿੱਤੀ ਜਾਂਦੀ ਹੈ ਕਿ ਤੁਸੀਂ ਅਪਣਾ ਇਹ ਧਰਨਾ ਚੁੱਕ ਲਵੋ, ਵਰਨਾ ਤੁਹਾਡੇ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾਏਗੀ। ਇਹ ਹੁਕਮ ਦਿੱਲੀ ਪੁਲਿਸ ਦੇ ਮੁੰਡਕਾ ਥਾਣੇ ਦੇ ਐਸਐਚਓ ਵੱਲੋਂ ਜਾਰੀ ਕੀਤਾ ਲਿਖਿਆ ਗਿਆ ਹੈ।

ਵਰਣਣ ਯੋਗ ਹੈ ਕਿ ਇਸ ਤੋਂ ਪਹਿਲਾਂ ਦਿੱਲੀ ਪੁਲਿਸ ਵਲੋਂ ਕਿਸਾਨ ਆਗੂਆਂ ਨੂੰ ਕਈ ਨੋਟਿਸ ਵੀ ਭੇਜੇ ਜਾ ਚੁੱਕੇ ਹਨ। ਕਿਸਾਨ ਆਗੂ ਇਨ੍ਹਾਂ ਸਵਾਲਾਂ ਦੇ ਜਵਾਬ ਦੇ ਰਹੇ ਹਨ। ਅੱਜ ਧਰਨਾ ਸਾਈਟ ਉੱਤੇ ਲੱਗੇ ਕਾਨੂੰਨੀ ਚਿਤਾਵਨੀ ਬੋਰਡ ਦਾ ਜਵਾਬ ਦਿੰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਕਾਨੂੰਨੀ ਖ਼ਤਰੇ ਤੋਂ ਨਹੀਂ ਡਰਦਾ, ਸਰਕਾਰ ਜਿੰਨੇ ਚਾਹੇ ਕੇਸ ਦਾਇਰ ਕਰ ਸਕਦੀ ਹੈ, ਪਰ ਜੇ ਕਾਨੂੰਨ ਵਾਪਸ ਨਾ ਕੀਤੇ ਗਏ ਤਾਂ ਕਿਸਾਨ ਘਰੀਂ ਵਾਪਸ ਨਹੀਂ ਜਾਣਗੇ।

## ਪੰਜਾਬ ਵਿੱਚ ਯੂਥ ਕਾਂਗਰਸ ਆਗੂ ਦੇ ਕਤਲ ਕੇਸ ਵਿੱਚ ਦਿੱਲੀ ਪੁਲਸ ਵੱਲੋਂ ਤਿੰਨ ਜਣੇ ਕਾਬੂ

ਨਵੀਂ ਦਿੱਲੀ, 22 ਫਰਵਰੀ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਕੱਲ੍ਹ ਇਥੇ ਦੱਸਿਆ ਕਿ ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਦੇ ਯੂਥ ਕਾਂਗਰਸ ਦੇ ਪ੍ਰਧਾਨ ਗੁਰਲਾਲ ਸਿੰਘ (34) ਦੇ ਕਤਲ ਕੇਸ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਫੜੇ ਗਏ ਦੋਸ਼ੀਆਂ ਦੀ ਪਛਾਣ ਗੁਰਿੰ-ਦਰਪਾਲ, ਸੁਖਵਿੰਦਰ ਸਿੰਘ ਤੇ ਸੌਰਭ ਸਾਰੇ ਵਾਸੀ ਫਰੀਦਕੋਟ ਵਜੋਂ ਹੋਈ ਹੈ। ਇਹ ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਹਨ। ਪੁਲਸ ਅਨੁਸਾਰ ਗੁਰਿੰਦਰ ਇਸ ਕੇਸ ਦਾ ਮੁੱਖ ਸਾਜ਼ਿਸ਼ਘਾੜਾ ਹੈ।

ਡੀ ਜੀ ਪੀ (ਸਪੈਸ਼ਲ ਸੈਲ) ਮਾਨਿਸ਼ੀ ਚੰਦਰ ਨੇ ਕਿਹਾ ਕਿ 18 ਫਰਵਰੀ ਨੂੰ ਯੂਥ ਕਾਂਗਰਸ ਆਗੂ ਗੁਰਲਾਲ ਸਿੰਘ ਦੀ ਹੱਤਿਆ ਦੇ ਦੋਸ਼ ਵਿੱਚ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਅਨੁਸਾਰ ਦੋ ਅਣਪਛਾਤੇ ਵਿਅਕਤੀਆਂ ਨੇ ਗੁਰਲਾਲ ਸਿੰਘ ਉੱਤੇ ਕਰੀਬ 12 ਗੋਲੀਆਂ ਚਲਾਈਆਂ, ਜਦੋਂ ਉਹ ਫਰੀਦਕੋਟ ਸ਼ਹਿਰ ਦੇ ਬਾਜ਼ਾਰ ਵਿੱਚ ਇੱਕ ਦੁਕਾਨ ਤੋਂ ਬਾਹਰ ਆ ਕੇ ਆਪਣੀ ਕਾਰ ਵਿੱਚ ਬੈਠਣ ਲੱਗਾ ਸੀ। ਘਟਨਾ ਤੋਂ ਤੁਰੰਤ ਬਾਅਦ ਜਦੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਇਲਾਜ ਦੌਰਾਨ ਉਸ ਨੇ ਦਮ ਤੋੜ ਦਿੱਤਾ।



## ਅੱਜ ਨਾਮਾ

ਕਿਹਾ ਸੀ ਕੈਲੇ ਨੇ ਕੱਲ੍ਹ ਨਸੀਬ ਸੋਂਹ ਨੂੰ,
ਰਹਿੰਦਾ ਚੋਣਾਂ ਦਾ ਇੱਕ ਆ ਸਾਲ ਬੇਲੀ।
ਸੁਣਿਆ ਹਾਲ ਤਾਂ ਮੰਦਾ ਹੈ ਕਾਂਗਰਸ ਦਾ,
ਹਰ ਕੋਈ ਦਿੱਸੇ ਕਮਾ ਰਿਹਾ ਮਾਲ ਬੇਲੀ।
ਜਿੱਦਾਂ ਹਾਰੇ ਅਕਾਲੀ ਸਨ ਸਾਲ ਪਿਛਲੇ,
ਸੁਧਰਿਆ ਜਾਪਦਾ ਅਜੇ ਨਾ ਹਾਲ ਬੇਲੀ।
ਕੇਜਰੀਵਾਲ ਦੇ ਚੇਲੇ ਪਏ ਲਾਉਣ ਦੌੜਾਂ,
ਕੀਤੀ ਤਿੱਖੀ ਬਈ ਜਾਪਦੀ ਚਾਲ ਬੇਲੀ।
ਹੱਸ ਕੇ ਕਿਹਾ ਸੀ ਅੱਗੋਂ ਨਸੀਬ ਸੋਂਹ ਨੇ,
ਲੋਕੀਂ ਕਹਿਣ ਨਾ ਅੰਦਰ ਦੀ ਗੱਲ ਬੇਲੀ।
ਜਦ ਤੱਕ ਚੋਣ ਨਾ ਬੂਹੇ 'ਤੇ ਆਣ ਪੁੱਜੀ,
ਦੱਸਣਾ ਕਿਸੇ ਨਾ ਕੀਹਦੇ ਹੈ ਵੱਲ ਬੇਲੀ।

**ਤੀਸ ਮਾਰ ਖਾਂ**

# ਜਦੋਂ ਲੋਕ ਇਕੱਠੇ ਹੁੰਦੇ ਹਨ, ਓਦੋਂ ਸਰਕਾਰਾਂ ਵੀ ਬਦਲ ਜਾਂਦੀਆਂ ਹਨ

### ਟਿਕੈਤ ਦਾ ਕੇਂਦਰੀ ਮੰਤਰੀ ਤੋਮਰ ਨੂੰ ਜਵਾਬ:


ਨਵੀਂ ਦਿੱਲੀ, 22 ਫਰਵਰੀ, (ਪੋਸਟ ਬਿਊਰੋ)- ਅੱਜਸੋਮਵਾਰ ਨੂੰ ਹਰਿਆਣਾ ਦੇ ਸੋਨੀਪਤ ਜ਼ਿਲੇਵਿੱਚ ਕੇਂਦਰੀ ਮੰਤਰੀ ਨਰਿੰਦਰ ਸਿੰਘ ਤੋਮਰ ਦੇ ਇੱਕ ਬਿਆਨ ਉੱਤੇ ਤਿੱਖਾ ਹਮਲਾ ਕਰਦਿਆਂਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਜਦੋਂ ਲੋਕਇਕੱਠੇ ਹੁੰਦੇ ਹਨ ਤਾਂ ਸਰਕਾਰਾਂ ਵੀ ਬਦਲ ਜਾਇਆ ਕਰਦੀਆਂ ਹਨ।
ਅਸਲ ਵਿੱਚ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕੱਲ੍ਹ ਕਿਹਾ ਸੀ ਕਿ ਸਿਰਫ ਭੀੜ ਇਕੱਠੀ ਹੋਣ ਕਾਰਨ ਕਾਨੂੰਨ ਰੱਦ ਨਹੀਂ ਹੋ ਸਕਦੇ।ਤੋਮਰ ਨੇ ਐਤਵਾਰ ਨੂੰ ਮੱਧ ਪ੍ਰਦੇਸ਼ ਦੇ ਗਵਾਲੀਅਰ ਵਿੱਚ ਕਿਹਾ ਕਿ ਕੇਂਦਰ ਸਰਕਾਰ ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਤਿਆਰ ਹੈ, ਜੋ ਨਵੇਂ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰਦੇ ਹਨ,ਪਰ ਕਾਨੂੰਨਇਸ ਲਈ ਰੱਦ ਨਹੀਂ ਕੀਤੇ ਜਾਣਗੇ ਕਿ ਭੀੜ ਇਕੱਠੀ ਹੋ ਰਹੀ ਹੈ। ਉਨ੍ਹਾਂ ਨੇ ਕਿਸਾਨ ਯੂਨੀਅਨਾਂ ਨੂੰ ਅਪੀਲ ਕੀਤੀ ਕਿ ਉਹ



ਸਰਕਾਰਾਂ ਨੂੰ ਦੱਸਣ ਕਿ ਇਨ੍ਹਾਂ ਨਵੇਂ ਕਾਨੂੰਨਾਂ ਵਿੱਚ ਉਹ ਕਿਸਾਨ ਵਿਰੋਧੀ ਕਿਉਂ ਸਮਝਦੇ ਹਨ।
ਭਾਰਤੀ ਕਿਸਾਨ ਯੂਨੀਅਨ (ਬੀ ਕੇ ਯੂ) ਦੇ ਆਗੂਟਿਕੈਤ ਨੇ ਇਸ ਦੇ ਜਵਾਬ ਵਿੱਚ ਚੇਤਾਵਨੀ ਦਿੱਤੀ ਕਿ ਜੇ ਤਿੰਨ ਨਵੇਂ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਨਾ ਕੀਤਾ ਗਿਆ ਤਾਂ ਸਰਕਾਰ ਲਈ ਸੱਤਾਵਿੱਚ ਰਹਿਣਾ ਔਖਾ ਹੋਵੇਗਾ। ਸੋਨੀਪਤ ਜ਼ਿਲੇ ਦੇ ਖਰਕੌਂਦਾ ਦੀ ਅਨਾਜ ਮੰਡੀ ਵਿੱਚ ਕਿਸਾਨ ਮਹਾਪੰਚ-ਾਇਤ ਵਿੱਚ ਅੱਜ ਰਾਕੇਸ਼ ਟਿਕੈਤ ਨੇ ਆਖਿਆ ਕਿ ਜਦੋਂ ਤੱਕ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਨਾ ਲਿਆ, ਉਦੋਂ ਤੱਕ ਕਿਸਾਨ ਅੰਦੋਲਨ ਜਾਰੀ ਹੀ ਰਹੇਗਾ।ਉਨ੍ਹਾਂ ਕਿਹਾ, 'ਸਿਆਸੀ ਆਗੂ ਕਹਿ ਰਹੇ ਹਨ ਕਿ ਭੀੜ ਇਕੱਠੀ ਕਰਨ ਨਾਲ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਨਹੀਂ ਲਿਆ ਜਾ ਸਕਦਾ, ਪਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਭੀੜ ਕੋਲ ਸਰਕਾਰਾਂ ਬਦਲਣ ਦੀ ਤਾਕਤ ਹੈ, ਇਹ ਵੱਖਰੀ ਗੱਲ ਹੈ ਕਿ ਕਿਸਾਨਾਂ ਨੇ ਹਾਲ ਦੀ ਘੜੀ ਸਿਰਫ ਖੇਤੀਬਾੜੀ ਕਾਨੂੰਨ ਵਾਪਸ ਲੈਣ ਦੀ ਗੱਲ ਕੀਤੀ ਹੈ,ਸੱਤਾ ਵਾਪਸ ਲੈਣ ਦੀ ਨਹੀਂ।'

## ਪੰਜਾਬ ਕਾਂਗਰਸ ਵੱਲੋਂ ਐਲਾਨ: ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਅਗਵਾਈ ਕੈਪਟਨ ਅਮਰਿੰਦਰ ਹੀ ਕਰਨਗੇ

ਚੰਡੀਗੜ੍ਹ, 22 ਫਰਵਰੀ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਸਾਫ ਕਰ ਦਿੱਤਾ ਹੈ ਕਿ ਅਗਲੇ ਸਾਲ 2022 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਵਿਚਪਾਰਟੀ ਦੀ ਅਗਵਾਈਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੀਕਰਨਗੇ, ਕਿਉਂਕਿ ਬੀਤੇ ਦਿਨੀਂਲੋਕਲ ਬਾਡੀਜ਼ ਚੋਣਾਂ ਦੌਰਾਨਪੰਜਾਬ ਦੇ ਲੋਕਾਂ ਨੇ ਕਾਂਗਰਸ ਦੇ ਸਮਰਥਨ ਵਿਚ ਸਾਫ ਫਤਵਾ ਦੇ ਕੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਭਰੋਸਾ ਵਿਖਾਇਆ ਹੈ।
ਮੁੱਖ ਮੰਤਰੀ ਅਮਰਿੰਦਰ ਸਿੰਘ ਵਲੋਂ ਸਮਾਰਟ ਸਿਟੀ ਤੇ ਅਮਰੁਤ ਸਕੀਮਾਂ ਹੇਠ ਪੰਜਾਬ ਦੇ 1087 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਸ਼ੁਰੂ ਕੀਤੇ ਜਾਣ ਲਈ ਹੋਏ ਸਮਾਗਮ ਦੌਰਾਨ ਸੁਨੀਲ



ਜਾਖੜ ਨੇ ਕਿਹਾ ਕਿ ਮਿਊਂਸਪਲ ਚੋਣਾਂ ਵਿਚ ਕਾਂਗਰਸ ਦੀ ਹੂੰਝਾ ਫੇਰ ਜਿੱਤ ਨਾਲ ਵੋਟਰਾਂ ਨੇ ਨਾ ਸਿਰਫ਼ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਨੂੰ ਮੁੜ ਪ੍ਰਵਾਨ ਕੀਤਾ ਹੈ, ਸਗੋਂ ਭਵਿੱਖ ਵਿੱਚ ਵੀਉਨ੍ਹਾਂ ਦੀ ਅਗਵਾਈ ਵਿਚ ਪੰਜਾਬੀਆਂ ਨੇ ਭਰੋਸਾ ਜ਼ਾਹਰ ਕੀਤਾ ਹੈ।
ਵਰਨਣ ਯੋਗ ਹੈ ਕਿ ਪੰਜਾਬ ਕਾਂਗਰਸ ਮਿਸ਼ਨ '2022 ਲਈ ਕੈਪਟਨ' ਦੀ ਸ਼ੁਰੂਆਤ ਪਹਿਲਾਂ ਹੀ ਕਰ ਚੁੱਕੀ ਹੈ। ਅੱਜ ਦੇ ਸਮਾਗਮ ਵਿੱਚ ਮੁੱਖ ਮੰਤਰੀ ਬਾਰੇਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਬਹੁਤ ਔਖੇ ਸਮੇਂਵਿੱਚ ਕਾਂਗਰਸ ਦੀ ਅਗਵਾਈ ਕੀਤੀ ਹੈ ਤੇ ਪੰਜਾਬ ਦੇ ਲੋਕ ਉਨ੍ਹਾਂ ਦੇ ਯੋਗਦਾਨ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸ਼ਾਇਦ ਇਸ ਵੇਲੇ ਬਹੁਤ ਬੁਰੇ ਸੰਕਟ ਤੋਂ ਗੁਜ਼ਰ ਰਿਹਾ ਹੈ, ਕੋਵਿਡ ਦੀ ਗੱਲ ਹੋਵੇ, ਕਾਲੇ ਖੇਤੀ ਕਾਨੂੰਨਾਂ ਕਾਰਨ ਕਿਸਾਨਾਂ ਵਿਚ ਬੇਚੈਨੀ ਦੀ ਗੱਲ ਹੋਵੇ ਜਾਂ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੇ ਪੰਜਾਬ ਵੱਲ ਬੇਰੁਖੀ ਵਾਲੇ ਵਿਹਾਰ ਦੀ ਗੱਲ ਹੋਵੇ, ਸਿਰਫ਼ ਕੈਪਟਨ ਅਮਰਿੰਦਰ ਸਿੰਘ ਦੀ ਦੂਰਅੰਦੇਸ਼ੀ ਅਤੇ ਲੀਡਰਸ਼ਿਪ ਦੀ ਪਹੁੰਚ ਹੀ ਇਸ ਰਾਜ ਨੂੰ ਇਨ੍ਹਾਂ ਚੁਣੌਤੀਆਂ ਤੋਂ ਬਾਹਰ ਕੱਢਣ ਦੇ ਸਮਰੱਥ ਸਾਬਤ ਹੋਈ ਹੈ। ਜਾਖੜ ਨੇ ਕਿਹਾ ਕਿ ਕਿਸਾਨ ਸੰਘਰਸ਼ ਦਾ ਸਮੱਰਥਨ ਕਰਨ ਦੇ ਬਦਲੇ ਪੰਜਾਬ ਨੂੰ ਸਜ਼ਾ ਦੇਣ ਲਈ ਕੇਂਦਰ ਸਰਕਾਰ ਨੇ ਆਰਥਿਕ ਨਾਕਾਬੰਦੀ ਕਰਨ ਸਮੇਤ ਹਰ ਤਰ੍ਹਾਂ ਦਾਅ ਵਰਤਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਅਗਵਾਈ ਵਾਲੀ ਕੇਂਦਰ ਸਰਕਾਰ ਹੇਠ ਭਾਰਤ ਦਾ ਫੈਡਰਲ ਢਾਂਚਾ ਵੀ ਖ਼ਤਰੇ ਹੇਠ ਹੈ। ਉਨ੍ਹਾਂ ਨੇ ਪਾਕਿਸਤਾਨ ਵਿਚ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਜਥੇ ਨੂੰ ਇਜਾਜ਼ਤ ਦੇਣ ਤੋਂ ਇਨਕਾਰ ਕਰਨ ਵਾਲੇ ਕੇਂਦਰ ਸਰਕਾਰ ਦੇ ਫੈਸਲੇਬਾਰੇਕਿਹਾ ਕਿ ਕੇਂਦਰ ਪੱਖਪਾਤੀ ਰਵੱਈਆ ਅਪਣਾ ਰਿਹਾ ਹੈ।

## ਲਾਲ ਕਿਲ੍ਹਾ ਹਿੰਸਾ ਕਾਂਡ ਵਿੱਚ ਇੱਕ ਹੋਰ ਨੌਜਵਾਨ ਦਿੱਲੀ ਪੁਲਸ ਵੱਲੋਂ ਗ੍ਰਿਫਤਾਰ

ਨਵੀਂ ਦਿੱਲੀ, 22 ਫਰਵਰੀ, (ਪੋਸਟ ਬਿਊਰੋ)- ਬੀਤੇ 26 ਜਨਵਰੀ ਨੂੰ ਦਿੱਲੀ ਵਿਚ ਕਿਸਾਨ ਟਰੈਕਟਰ ਰੈਲੀ ਦੌਰਾਨ ਲਾਲ ਕਿਲ੍ਹੇਵਿੱਚ ਹੋਈ ਹਿੰਸਾ ਦੇ ਕੇਸ ਵਿਚ ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ ਜਸਪ੍ਰੀਤ ਸਿੰਘ ਉਰਫ ਸੰਨੀ ਨਾਮ ਦੇ ਇਕ ਹੋਰ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਦੋਸ਼ੀ 26 ਜਨਵਰੀ ਨੂੰ ਲਾਲ ਕਿਲ੍ਹੇ ਦੇ ਅੰਦਰ ਹੋਈ ਹਿੰਸਾ ਵਿੱਚ ਸ਼ਾਮਲ ਸੀ ਅਤੇ ਉਹ ਲਾਲ ਕਿਲ੍ਹੇ ਦੇ ਗੁੰਬਦ ਉੱਤੇ ਵੀ ਚੜ੍ਹਿਆ ਸੀ। ਮਿਲੀ ਜਾਣਕਾਰੀ ਅਨੁਸਾਰ ਜਸਪ੍ਰੀਤ ਸਿੰਘ ਉਰਫ ਸੰਨੀ (29 ਸਾਲ) ਦਿੱਲੀ ਦੇ ਸਵਰੂਪ ਨਗਰ ਦਾ ਵਸਨੀਕ ਹੈ। ਪੁਲਿਸ ਵੱਲੋਂ ਜਾਰੀ ਕੀਤੀ ਤਸਵੀਰ ਤੋਂ ਪਤਾ ਲੱਗਾ ਹੈ ਕਿ ਜਸਪ੍ਰੀਤ ਸਿੰਘ ਲਾਲ ਕਿਲ੍ਹੇ ਦੀ ਹਿੰਸਾ ਦੇ ਮੁੱਖ ਮੁਲਜ਼ਮਾਂ ਵਿਚੋਂ ਇੱਕ ਮਨਿੰਦਰ ਸਿੰਘ ਉਰਫ ਮੋਨੀ ਦੇ



ਪਿੱਛੇ ਗੁੰਬਦ ਉੱਤੇ ਖੜਾ ਦਿਖਾਈ ਦੇਂਦਾ ਹੈ। ਮਨਿੰਦਰ ਸਿੰਘ ਉਰਫ ਮੋਨੀ ਨੇ ਲਾਲ ਕਿਲ੍ਹੇ ਉੱਤੇ ਤਲਵਾਰ ਲਹਿਰਾਈ ਸੀ। ਪੁਲਿਸ ਦਾ ਕਹਿਣਾ ਹੈ ਕਿ ਜਸਪ੍ਰੀਤ ਸਿੰਘ ਵੀ ਇਸੇ ਦੌਰਾਨ ਗਲਤ ਇਸ਼ਾਰੇ ਕਰਦਾ ਦਿਖਾਈ ਦਿੱਤਾ ਹੈ।ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਹਿੰਸਾ ਵਿੱਚ ਹੋਰ ਕਿੰਨੇ ਲੋਕ ਸ਼ਾਮਲ ਸਨ ਜੋ ਜਸਪ੍ਰੀਤ ਨੂੰ ਜਾਣਦੇ ਹਨ ਅਤੇ ਕੁਝ ਲੋਕਾਂ ਦੀ ਪਛਾਣ ਕੀਤੀ ਵੀ ਜਾ ਚੁੱਕੀ ਹੈ।

## ਮਿਆਂਮਾਰ ਵਿੱਚ ਫੌਜ ਦੀ ਪਾਬੰਦੀ ਦੇ ਬਾਵਜੂਦ ਲੋਕ ਅਮਰੀਕੀ ਦੂਤਘਰ ਤੱਕ ਜਾ ਪਹੁੰਚੇ




ਯਾਂਗੂਨ, 22 ਫਰਵਰੀ, (ਪੋਸਟ ਬਿਊਰੋ)- ਮਿਆਂਮਾਰ ਵਿੱਚ ਪ੍ਰਦਰਸ਼ਨ ਕਰਦੇ ਲੋਕਾਂ ਦੀ ਹੜਤਾਲ ਦੇ ਸੱਦੇ ਵਿਰੁੱਧਫੌਜੀ ਜੁੰਡੀ ਦੀ ਕਾਰਵਾਈ ਦੀ ਧਮਕੀ ਦੇ ਬਾਵਜੂਦ ਹਜ਼ਾਰਾਂ ਲੋਕ ਯਾਂਗੂਨ ਵਿੱਚ ਅਮਰੀਕੀ ਦੂਤਘਰ ਕੋਲ ਇਕੱਠੇ ਹੋ ਗਏ ਅਤੇ ਜ਼ੋਰਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੀ ਚੁਣੀ ਹੋਈ ਨੇਤਾ ਆਂਗ ਸਾਨ ਸੂ ਕੀ ਦੀ ਹਮਾਇਤ ਕੀਤੀ।
ਵਰਨਣ ਯੋਗ ਹੈ ਕਿ ਮਿਆਂਮਾਰ ਵਿੱਚ ਫੌਜ ਨੇ ਇਕ ਫਰਵਰੀ ਨੰ ਤਖਤਪਲਟ ਕੀਤਾ ਅਤੇ ਆਂਗ ਸਾਨ ਸੂ ਕੀ ਦੇ ਨਾਲ ਕਈ ਹੋਰ ਮੁੱਖ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਇਸ ਤਰ੍ਹਾਂ ਤਖਤਾਪਲਟਣ ਦੇਵਿਰੁੱਧ ਕਈ ਸ਼ਹਿਰਾਂ ਵਿੱਚ ਲੋਕ ਪਾਬੰਦੀਆਂ ਦੇ ਬਾਵਜੂਦ ਪ੍ਰਦਰਸ਼ਨ ਕਰ ਰਹੇ ਹਨ।ਕਈ ਸੜਕਾਂ ਦੇ ਬੰਦ ਹੋਣ ਦੇ ਬਾਵਜੂਦ ਹਜ਼ਾਰਾਂ ਪ੍ਰਦਰਸ਼ਨਕਾਰੀ ਅੱਜ ਯਾਂਗੂਨ ਵਿੱਚ ਅਮਰੀਕੀ ਦੂਤਘਰ ਨੇੜੇ ਇਕੱਠੇ ਹੋ ਗਏ ਤਾਂ ਫੌਜ ਦੇ 20 ਟਰੱਕ ਅਤੇ ਦੰਗਾ ਰੋਕਣ ਵਾਲੀ ਪੁਲਸ ਵੀ ਉਥੇ ਪਹੁੰਚ ਗਈ। ਇਨ੍ਹਾਂ ਪ੍ਰਦਰਸ਼ਨਾਂ ਦੀ ਅਗਵਾਈ ਕਰਨ ਵਾਲੇ 'ਸਿਵਲ ਡਿਸਓਬੀਡੀਅਨਸ ਮੂਵਮੈਂਟ' ਨੇ ਅੱਜ ਲੋਕਾਂ ਨੂੰ ਹੜਤਾਲ ਕਰਨ ਦਾ ਸੱਦਾ ਦਿੱਤਾਹੋਇਆ ਸੀ। ਸਰਕਾਰੀ ਕੰਟਰੋਲ ਵਾਲੇਐੱਮ ਆਰ ਟੀ ਵੀ ਉੱਤੇਮਿਲਟਰੀ ਜੁੰਡੀ ਨੇ ਐਤਵਾਰ ਦੇਰ ਰਾਤ ਇਸ ਹੜਤਾਲ ਵਿਰੁੱਧਸਖਤ ਕਾਰਵਾਈ ਕਰਨ ਦਾ ਐਲਾਨ ਕਰ ਦਿੱਤਾ ਸੀ। ਇਸ ਐਲਾਨ ਦੇ ਵਕਤ 'ਸਟੇਟ ਐਡਮਨਿਸਟ੍ਰੇਸ਼ਨ ਕੌਂਸਲ' ਨੇ ਇਹ ਕਿਹਾ ਸੀ ਕਿ ਪਤਾ ਲੱਗਾ ਹੈ ਕਿ ਪ੍ਰਦਰਸ਼ਨਕਾਰੀਆਂ ਨੇ 22 ਫਰਵਰੀ ਨੂੰ ਦੰਗਾ ਕਰਨ ਅਤੇ ਹਫੜਾ-ਦਫੜੀ ਮਚਾਉਣ ਲਈ ਭੀੜ ਨੂੰ ਭੜਕਾਇਆ ਹੈ। ਪ੍ਰਦਰਸ਼ਨਕਾਰੀ ਲੋਕਾਂ ਨੂੰ ਭੜਕਾ ਰਹੇ ਹਨ, ਖਾਸ ਕਰ ਕੇ ਨੌਜਵਾਨਾਂ ਨੂੰ। ਪਿਛਲੇ ਪ੍ਰਦਰਸ਼ਨਾਂ ਵੇਲੇ ਹੋਈ ਹਿੰਸਾ ਦਾ ਜ਼ਿਕਰ ਕਰ ਕੇ ਫੌਜ ਨੇ ਲੋਕਾਂ ਵਿੱਚ ਅਪਰਾਧਕ ਗਿਰੋਹ ਸ਼ਾਮਲ ਹੋਣ ਦਾ ਦੋਸ਼ ਲਾ ਕੇ ਕਿਹਾ ਸੀ ਕਿ ਇਸ ਕਾਰਨ ਸੁਰੱਖਿਆ ਬਲਾਂ ਨੂੰ ਜਵਾਬੀ ਕਾਰਵਾਈ ਕਰਨੀ ਪਈ ਹੈ।

## ਰੂਬੀਨਾ ਦਿਲੈਕ ਨੇ ਬਿੱਗ ਬੌਸ-14 ਦਾ ਖਿਤਾਬ ਜਿੱਤਿਆ

ਨਵੀਂ ਦਿੱਲੀ, 22 ਫਰਵਰੀ (ਪੋਸਟ ਬਿਊਰੋ)- ਟੀ ਵੀ ਅਦਾਕਾਰਾ ਰੂਬੀਨਾ ਦਿਲੈਕ ਨੇ ਬਿੱਗ ਬੌਸ-14 ਦਾ ਖਿਤਾਬ ਜਿੱਤ ਲਿਆ ਹੈ। ਰੂਬੀਨਾ ਨੇ ਗਾਇਕ ਰਾਹੁਲ ਵੈਦਿਆ ਨੂੰ ਪਛਾੜ ਕੇ ਰਿਐਲਿਟੀ ਸ਼ੋਅ ਦੇ 14ਵੇਂ ਸੀਜ਼ਨ ਦਾ ਖਿਤਾਬ ਆਪਣੇ ਨਾਂਅ ਕੀਤਾ। ਰੂਬੀਨਾ ਦਿਲੈਕ ਨੇ ਟੀ ਵੀ ਲੜੀਵਾਰ 'ਛੋਟੀ ਬਹੂ' ਤੇ 'ਸ਼ਕਤੀ-ਅਸਤਿਤਵ ਕੇ ਅਹਿਸਾਸ ਕੀ' ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਸ਼ੋਅ ਦੇ ਹੋਸਟ ਸੁਪਰ ਸਟਾਰ ਸਲਮਾਨ ਖਾਨ ਨੇ ਗਰੈਂਡ ਫਿਨਾਲੇ ਦੇ ਜੇਤੂ ਦਾ ਐਲਾਨ ਕੀਤਾ। ਆਪਣੇ ਅਦਾਕਾਰ ਪਤੀ ਅਭਿਨਵ ਸ਼ੁਕਲਾ ਨਾਲ ਸ਼ੋਅ ਦਾ ਹਿੱਸਾ ਰਹੀ ਰੂਬੀਨਾ ਸ਼ੁਰੂ ਤੋਂ ਹੀ ਦਰਸ਼ਕਾਂ ਦੀ ਪਹਿਲੀ ਪਸੰਦ ਰਹੀ। ਰੂਬੀਨਾ ਅਤੇ ਰਾਹੁਲ ਤੋਂ ਇਲਾਵਾ ਫਾਈਨਲ ਵਿੱਚ ਪੁੱਜਣ ਵਾਲਿਆਂ ਵਿੱਚ ਅਦਾਕਾਰ ਨਿੱਕੀ ਤੰਬੋਲੀ, ਅਲੀ ਗੋਨੀ ਤੇ ਰਾਖੀ ਸਾਵੰਤ ਸਨ। ਇਸ ਤੋਂ ਪਹਿਲਾਂ ਰਾਖੀ ਸਾਵੰਤ ਨੇ ਬਿੱਗ ਬੌਸ-14 ਨੂੰ ਅਲਵਿਦਾ ਕਹਿੰਦਿਆਂ 14 ਲੱਖ ਰੁਪਏ ਲੈ ਕੇ ਸ਼ੋਅ ਛੱਡ ਦਿੱਤਾ ਸੀ।

## ਭਾਜਪਾ ਆਗੂ ਰੀਟਾ ਬਹੁਗੁਣਾ ਨੂੰ ਅਦਾਲਤ ਤੋਂ ਰਾਹਤ ਨਾ ਮਿਲੀ

ਲਖਨਊ, 22 ਫਰਵਰੀ (ਪੋਸਟ ਬਿਊਰੋ)- ਏਥੇ ਵਿਸ਼ੇਸ਼ ਅਦਾਲਤ ਨੇ ਕੱਲ੍ਹ ਭਾਜਪਾ ਪਾਰਲੀਮੈਂਟ ਮੈਂਬਰ ਰੀਟਾ ਬਹੁਗੁਣਾ ਜੋਸ਼ੀ ਨੂੰ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਜਪਾ ਆਗੂ ਖਿਲਾਫ ਪੁਲਸ ਮੁਲਾਜ਼ਮ ਉਤੇ ਹਮਲਾ ਕਰਨ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ 2015 ਵਿੱਚ ਕੇਸ ਦਰਜ ਕੀਤਾ ਗਿਆ ਸੀ।
ਵਰਨਣ ਯੋਗ ਹੈ ਕਿ ਉੱਤਰ ਪ੍ਰਦੇਸ਼ ਸਰਕਾਰ ਨੇ ਅਦਾਲਤ ਵਿੱਚ ਅਰਜ਼ੀ ਦੇ ਕੇ ਇਸ ਭਾਜਪਾ ਪਾਰਲੀਮੈਂਟ ਮੈਂਬਰ ਦੇ ਖਿਲਾਫ ਕੇਸ ਵਾਪਸ ਲੈਣ ਦੀ ਇੱਛਾ ਜ਼ਾਹਰ ਕੀਤੀ ਸੀ। ਪਾਰਲੀਮੈਂਟਮੈਂਬਰਾਂ, ਵਿਧਾਇਕਾਂ ਬਾਰੇ ਵਿਸ਼ੇਸ਼ ਅਦਾਲਤ ਨੇ ਮਾਮਲੇ ਨੂੰ ਗੰਭੀਰ ਦੱਸਦਿਆਂ ਛੇ ਮਾਰਚ ਨੂੰ ਮੁਲਜ਼ਮਾਂ ਦੇ ਖਿਲਾਫ ਦੋਸ਼ ਤੈਅ ਕਰਨ ਦੇ ਹੁਕਮ ਦਿੱਤੇ ਹੋਏ ਹਨ। ਰੀਟ ਜੋਸ਼ੀ ਤੋਂ ਇਲਾਵਾ 17 ਹੋਰ ਮੁਲਜ਼ਮਾਂ ਵਿੱਚ ਕਾਂਗਰਸ ਆਗੂ ਰਾਜ ਬੱਬਰ, ਪ੍ਰਦੀਪ ਜੈਨ, ਅਜੈ ਰਾਏ, ਨਿਰਮਲ ਖਤਰੀ ਅਤੇ ਹੋਰ ਸ਼ਾਮਲ ਹਨ। ਵਿਸ਼ੇਸ਼ ਜੱਜ ਨੇ ਕਿਹਾ ਕਿ ਜੇ ਕੇਸ ਵਾਪਸ ਲਿਆ ਜਾਂਦਾ ਤਾਂ ਲੋਕ ਹਿੱਤ ਵਿੱਚ ਕੁਝ ਵੀ ਹਾਸਲ ਨਹੀਂ ਹੋਵੇਗਾ। ਅਦਾਲਤ ਵੱਲੋਂ ਹੁਕਮ ਦੇਣ ਵੇਲੇ ਜੋਸ਼ੀ ਉਥੇ ਹਾਜ਼ਰ ਸੀ। ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਕਿ ਵਿਧਾਨ ਸਭਾ ਵੱਲ ਕੀਤੇ ਰੋਸ ਮਾਰਚ ਦੌਰਾਨ ਪੁਲਸ ਉੱਤੇ ਪੱਥਰ ਸੁੱਟੇ ਗਏ ਸਨ ਅਤੇ ਇਸ ਦੌਰਾਨ ਕਈ ਸੀਨੀਅਰ ਪੁਲਸ ਤਐ ਪ੍ਰਸ਼ਾਸਕੀ ਅਧਿਕਾਰੀ ਜ਼ਖਮੀ ਹੋ ਗਏ ਸਨ।

# ਪੁੱਡੂਚੇਰੀ ਦੇ ਮੁੱਖ ਮੰਤਰੀ ਨਾਰਾਇਣਸਾਮੀ ਵੱਲੋਂ ਬਹੁ-ਗਿਣਤੀ ਨਾ ਹੋਣ ਕਾਰਨ ਅਸਤੀਫ਼ਾ

ਪੁੱਡੂਚੇਰੀ, 22 ਫਰਵਰੀ, (ਪੋਸਟ ਬਿਊਰੋ)- ਕੇਂਦਰੀ ਸ਼ਾਸਤ ਪ੍ਰਦੇਸ਼ ਪੁੱਡੂਚੇਰੀ ਵਿੱਚ ਅੱਜ ਸੋਮਵਾਰ ਸਿਆਸੀ ਉੱਥਲ-ਪੁੱਥਲ ਦੌਰਾਨ ਕਾਂਗਰਸ ਦੇ ਹੱਥੋਂ ਸਰਕਾਰ ਚਲਾਉਣ ਦਾ ਅਧਿਕਾਰ ਖ਼ਤਮ ਹੋ ਗਿਆ ਅਤੇ ਮੁੱਖ ਮੰਤਰੀ ਨਾਰਾਇਣਸਾਮੀ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਅੱਜਵਿਧਾਨ ਸਭਾ ਵਿੱਚ ਭਰੋਸੇ ਦਾ ਵੋਟ ਹੋਣਾ ਸੀ, ਪਰ ਮੁੱਖ ਮੰਤਰੀ ਵੀ. ਨਾਰਾਇਣਸਾਮੀ ਨੇ ਇਸ ਤੋਂ ਪਹਿਲਾਂ ਸਦਨ ਤੋਂ ਵਾਕਆਊਟ ਕਰ ਦਿੱਤਾ ਤਾਂ ਵਿਧਾਨ ਸਭਾ ਸਪੀਕਰ ਨੇ ਐਲਾਨ ਕੀਤਾ ਕਿ ਨਾਰਾਇਣਸਾਮੀ ਸਰਕਾਰ ਦਾ ਬਹੁਮੱਤ ਨਹੀਂ ਰਿਹਾ ਅਤੇ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਪਵੇਗਾ।
ਵਰਣਣ ਯੋਗ ਕਿ ਅੱਜ ਸ਼ਾਮ ਪੰਜ ਵਜੇ ਕਾਂਗਰਸ-ਡੀਐੱਮਕੇ ਦੇ ਗਠਜੋੜ ਵਾਲੀ ਨਾਰਾਇਣਸਾਮੀ ਸਰਕਾਰ ਨੇ ਵਿਧਾਨ ਸਭਾ ਵਿੱਚ ਭਰੋਸੇ ਦਾ ਵੋਟ ਲੈਣਾ ਸੀ।ਇਸ ਤੋਂ ਪਹਿਲਾਂ ਅੱਜ ਪੂਰੇ ਦਿਨ ਦੇ ਘਟਨਾਕਰਮ ਦੀ ਸ਼ੁਰੂਆਤ ਪੁੱਡੂਚੇਰੀ ਵਿਧਾਨ ਸਭਾ ਦੇ ਇਕ ਦਿਨਾ ਵਿਸ਼ੇਸ਼ ਸੈਸ਼ਨ ਦੇ ਸ਼ੁਰੂ ਹੋਣ ਦੇ ਕੁਝ ਮਿੰਟਾਂ ਬਾਅਦ ਹੋ ਗਈ। ਮੁੱਖ ਮੰਤਰੀ ਨਾਰਾਇਣਸਾਮੀ ਨੇ ਭਰੋਸੇ ਦੀ ਵੋਟ ਦਾ ਮਤਾ ਰੱਖਿਆ, ਪਰ ਵੋਟ ਪਾਏ ਜਾਣ ਤੋਂ ਪਹਿਲਾਂ ਹੀ ਉਹ ਖੁਦ ਅਤੇ ਉਨ੍ਹਾਂ ਦੀ ਸੱਤਾਧਾਰੀ ਧਿਰ ਦੇ ਵਿਧਾਇਕ ਵਾਕਆਊਟ ਕਰ ਗਏ। ਇਸ ਤੋਂ

*** ਕਾਂਗਰਸ ਆਪਣਾ ਦੱਖਣ ਦਾ ਇਕਲੌਤਾ ਕਿਲ੍ਹਾ ਵੀ ਨਹੀਂ ਬਚਾ ਸਕੀ**

ਬਾਅਦ ਵਿਧਾਨ ਸਭਾ ਸਪੀਕਰ ਪੀ. ਸ਼ਿਵਕੋਲੰਧੂ ਨੇ ਇਹ ਐਲਾਨ ਕੀਤਾ ਕਿ ਨਾਰਾਇਣਸਾਮੀ ਭਰੋਸੇ ਦਾ ਵੋਟ ਹਾਰ ਗਏ ਹਨ। ਇਸ ਪਿੱਛੋਂ ਨਾਰਾਇਣਸਾਮੀ ਰਾਜ ਭਵਨ ਨੂੰ ਚਲੇ ਗਏ।
ਵੋਟਿੰਗ ਹੋਣ ਤੋਂ ਪਹਿਲਾਂ ਵਿਧਾਨ ਸਭਾ ਵਿੱਚ ਬੋਲਦਿਆਂ ਮੁੱਖ ਮੰਤਰੀ ਨਾਰਾਇਣਸਾਮੀ ਨੇ ਦੋਸ਼ ਲਾਇਆ ਕਿ 'ਏਥੋਂ ਦੀ ਸਾਬਕਾ ਲੈਫਟੀਨੈਂਟ ਗਵਰਨਰ ਕਿਰਨ ਬੇਦੀ ਅਤੇ ਕੇਂਦਰ ਸਰਕਾਰ ਨੇ ਵਿਰੋਧੀ ਧਿਰ ਨਾਲ ਮਿਲ ਕੇ ਮੇਰੀ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ਕੀਤੀ ਸੀ। ਸਾਡੇ ਵਿਧਾਇਕ ਇਕਜੁੱਟ ਰਹੇ ਤੇ ਅਸੀਂ ਬੀਤੇ 5 ਸਾਲ ਕੱਢਣ ਵਿਚ ਸਫਲ ਰਹੇ। ਅਸੀਂ ਕੇਂਦਰ ਸਰਕਾਰ ਨੂੰ ਫੰਡ ਦੇਣ ਦੀ ਅਪੀਲ ਕੀਤੀ, ਪਰ ਫੰਡ ਨਾ ਦੇ ਕੇ ਕੇਂਦਰ ਸਰਕਾਰ ਨੇ ਪੁੱਡੂਚੇਰੀ ਦੇ ਲੋਕਾਂ ਨਾਲ ਧੋਖਾ ਕੀਤਾ ਹੈ।' ਇਸ ਦੇ ਬਾਅਦ ਭਰੋਸੇ ਦੇ ਵੋਟ ਵੇਲੇ ਪੁੱਡੂਚੇਰੀ ਵਿਚ ਕਾਂਗਰਸ ਦੀ ਸਰਕਾਰ ਡਿੱਗ ਗਈ। ਇਸ ਦੇ ਨਾਲ ਹੀ ਦੱਖਣੀ ਭਾਰਤ ਵਿਚ ਕਾਂਗਰਸ ਦਾ ਸਫਾਇਆ ਹੋ ਗਿਆ ਹੈ। ਦੋ ਸਾਲ ਪਹਿਲਾਂ ਕਰਨਾਟਕ ਵਿੱਚ ਕਾਂਗਰਸਦੀ ਸਰਕਾਰ ਡਿੱਗੀ ਸੀ ਅਤੇ



ਅੱਜਪੁੱਡੂਚੇਰੀ ਵਿਚ ਵੀ ਡਿੱਗ ਪਈ ਹੈ।
ਪੁੱਡੂਚੇਰੀਵਿੱਚ ਸੱਤਾਧਾਰੀ ਕਾਂਗਰਸ ਪਾਰਟੀ ਦੇ ਵਿਧਾਇਕਾਂ ਵੱਲੋਂ ਪਿਛਲੇ ਦਿਨਾਂ ਵਿੱਚ ਦਿੱਤੇ ਅਸਤੀਫਿਆਂ ਕਾਰਨਏਥੇ ਪੰਜ ਸਾਲ ਪੁਰਾਣੀ ਸਰਕਾਰ ਉੱਤੇ ਖ਼ਤਰਾ ਬਣ ਗਿਆ ਸੀ। ਤਿਲੰਗਾਨਾ ਦੀ ਗਵਰਨਰ ਤਾਮਿਲੀਸਾਈ ਸੁੰਦਰਾਜਨ ਨੇ ਪਿਛਲੇ ਦਿਨੀਂ ਲੈਫਟੀਨੈਂਟ ਗਵਰਨਰ ਵਜੋਂ ਇਸ ਕੇਂਦਰੀ ਸ਼ਾਸਿਤ ਪ੍ਰਦੇਸ਼ ਦਾ ਐਡੀਸ਼ਨਲ ਚਾਰਜ ਲੈਂਦੇ ਸਾਰ ਮੁੱਖ ਮੰਤਰੀ ਵੀ.ਨਰਾਇਣਸਾਮੀ ਨੂੰ ਅਸੈਂਬਲੀ ਵਿੱਚ ਬਹੁਮਤ ਸਾਬਤ ਕਰਨ ਲਈ ਕਿਹਾ ਸੀ। ਬੀਤੇ ਐਤਵਾਰ ਨੂੰ ਡੀਐੱਮਕੇ ਅਤੇ ਕਾਂਗਰਸ ਦੇ ਇਕ-ਇਕ ਵਿਧਾਇਕ ਵੱਲੋਂ ਦਿੱਤੇ ਅਸਤੀਫਿਆਂ ਨਾਲ ਨਰਾਇਣਸਾਮੀ ਦੀਆਂ ਮੁਸ਼ਕਲਾਂ ਵਧ ਗਈਆਂ ਅਤੇ 33 ਮੈਂਬਰੀ ਪੁੱਡੂਚੇਰੀ ਅਸੈਂਬਲੀ ਵਿੱਚਸੱਤਾਧਾਰੀ ਗੱਠਜੋੜ ਦੇ ਮੈਂਬਰਾਂ ਦੀ ਗਿਣਤੀ ਸਿਰਫ11 ਰਹਿ ਗਈ ਸੀ। ਇਸ ਰਾਜ ਵਿੱਚਵਿਧਾਨ ਸਭਾ ਚੋਣਾਂ ਵੀ ਏਸੇ ਸਾਲ ਅਪਰੈਲ-ਮਈ ਵਿੱਚ ਹੋਣੀਆਂ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਸੁਪਰੀਮ ਕੋਰਟ ਦੀ ਸਖਤੀ ਕਾਰਨ ਦੋ ਘੰਟੇ ਵਿੱਚ ਦੁਕਾਨ ਖਾਲੀ ਕੀਤੀ

ਨਵੀਂ ਦਿੱਲੀ, 22 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਦੀ ਨਜ਼ਰ ਸਖਤ ਹੋਣ ਨਾਲ ਚੰਗੇ-ਚੰਗੇ ਸਿੱਧੇ ਹੋ ਜਾਂਦੇ ਹਨ। ਅਜਿਹਾ ਹੀ ਪਿਛਲੇ ਦਿਨੀਂ ਅਲੀਗੜ੍ਹ ਵਿੱਚ ਕਿਰਾਏ ਦੀ ਦੁਕਾਨ ਖਾਲੀ ਕਰਨ ਵੇਲੇ ਦੇਖਣ ਨੂੰ ਮਿਲਿਆ। ਕੋਰਟ ਨੇ ਅੰਡਰਟੇਕਿੰਗ ਦੇਣ ਦੇ ਬਾਵਜੂਦ ਕਰੀਬ ਇੱਕ ਸਾਲ ਤੋਂ ਦੁਕਾਨ ਖਾਲੀ ਕਰਨ ਵਿੱਚ ਟਾਲਮਟੋਲ ਕਰ ਰਹੇ ਕਿਰਾਏਦਾਰ ਨੂੰ ਜਦ ਸੁਪਰੀਮ ਕੋਰਟ ਨੇ ਸਖਤ ਲਹਿਜ਼ੇ ਵਿੱਚ ਸਿੱਧੇ ਜੇਲ੍ਹ ਭੇਜਣ ਦੀ ਚਿਤਾਵਨੀ ਦਿੱਤੀ, ਤਾਂ ਉਸ ਨੇ ਦੋ ਘੰਟੇ ਵਿੱਚ ਹੀ ਦੁਕਾਨ ਖਾਲੀ ਕਰ ਕੇ ਚਾਬੀ ਮਾਲਕ ਨੂੰ ਸੌਂਪ ਦਿੱਤੀ। ਇਹ ਘਟਨਾ ਇਸੇ 10 ਫਰਵਰੀ ਦੀ ਹੈ। ਸਵੇਰੇ 10.30 ਵਜੇ ਜਸਟਿਸ ਨਵੀਨ ਸਿਨਹਾ ਅਤੇ ਜਸਟਿਸ ਕ੍ਰਿਸ਼ਨ ਮੁਰਾਰੀ ਦੀ ਬੈਂਚ ਇਸ ਦੁਕਾਨ ਦੇ ਮਾਲਕ ਵੱਲੋਂ ਦਾਖਲ ਉਲੰਘਣਾ ਪਟੀਸ਼ਨ ਉੱਤੇ ਵੀਡੀਓ ਕਾਨਫਰੰਸਿੰਗ ਦੇ ਜ਼ਰੀਏ ਸੁਣਵਾਈ ਕਰ ਰਹੀ ਸੀ। ਕੋਰਟ ਦੇ ਹੁਕਮ ਉੱਤੇ ਕਿਰਾਏਦਾਰ ਵੀ ਪੇਸ਼ ਹੋਇਆ ਸੀ। ਕੋਰਟ ਨੇ ਦੁਕਾਨ ਮਾਲਕ ਦੇ ਵਕੀਲ ਡੀ ਕੇ ਗਰਗ ਤੋਂ ਪੁੱਛਿਆ ਕਿ ਦੁਕਾਨ ਖਾਲੀ ਹੋਈ ਕਿ ਨਹੀਂ। ਗਰਗ ਨੇ ਕਿਹਾ ਕਿ 'ਨਹੀਂ, ਦੁਕਾਨ ਅਜੇ ਤੱਕ ਖਾਲੀ ਨਹੀਂ ਹੋਈ।' ਇਸ ਉੱਤੇ ਕੋਰਟ ਨੇ ਕਿਰਾਏਦਾਰ ਨੂੰ ਕਿਹਾ ਕਿ ਜੇ ਉਸ ਨੇ ਦੋ ਘੰਟੇ ਦੇ ਅੰਦਰ ਦੁਕਾਨ ਖਾਲੀ ਨਾ ਕੀਤੀ ਤਾਂ ਉਸ ਨੂੰ ਉਥੋਂ ਸਿੱਧਾ ਜੇਲ੍ਹ ਭੇਜ ਦਿੱਤਾ ਜਾਏਗਾ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

# ਲੋਕ ਸਾਹਿਤ ਅਕਾਦਮੀ ਵੱਲੋਂ ਬੇਅੰਤ ਕੌਰ ਗਿੱਲ ਦੀ ਪੁਸਤਕ ਉੱਪਰ ਗੋਸ਼ਟੀ



ਮੋਗਾ, 22 ਫਰਵਰੀ ( ਗਿਆਨ ਸਿੰਘ): ਲੋਕ ਸਾਹਿਤ ਅਕਾਦਮੀ ਮੋਗਾ ਵੱਲੋਂ ਬੇਅੰਤ ਕੌਰ ਗਿੱਲ ਦੀ ਪੁਸਤਕ 'ਦਸ ਗੁਰੂ ਸਾਹਿਬਾਨ ਅਤੇ ਸਮਕਾਲੀ ਸਮਾਜ ਉੱਪਰ ਗੋਸ਼ਟੀ ਸਵਤੰਤਰਤਾ ਸੰਗਰਾਮੀ ਭਵਨ ਮੋਗਾ ਵਿਖੇ ਕਰਵਾਈ ਗਈ । ਪ੍ਰਧਾਨਗੀ ਮੰਡਲ 'ਚ ਡਾ. ਸੁਰਜੀਤ ਸਿੰਘ ਬਰਾੜ ਅਤੇ ਕੇ.ਐੱਲ ਗਰਗ, ਮੈਡਮ ਬੇਅੰਤ ਕੌਰ ਗਿੱਲ, ਗੁਰਮੀਤ ਕੜਿਆਲਵੀ, ਚਮਕੌਰ ਬਾਘੇਵਾਲੀਆ, ਪ੍ਰੋ. ਸੁਰਜੀਤ ਸਿੰਘ ਕਾਉਂਕੇ ਅਤੇ ਸੀਰਾ ਗਰੇਵਾਲ ਸ਼ਾਮਲ ਸਨ। ਸਟੇਜ ਦੀ ਕਾਰਵਾਈ ਅਸ਼ੋਕ ਚਟਾਨੀ ਵੱਲੋਂ ਬਾਖੂਬੀ ਨਿਭਾਈ ਗਈ। ਆਰੰਭ 'ਚ ਮਾ. ਪ੍ਰੇਮ ਕੁਮਾਰ ਅਤੇ ਜਸਵੰਤ ਰਾਊਕੇ ਵੱਲੋਂ ਗੀਤ ਪੇਸ਼ ਕੀਤੇ ਗਏ। ਪੁਸਤਕ ਬਾਰੇ ਡਾ. ਸੁਰਜੀਤ ਸਿੰਘ ਬਰਾੜ ਨੇ ਵਿਚਾਰ ਪੇਸ਼ ਕਰਦਿਆਂ ਪੁਸਤਕ ਦੀ ਤਾਰੀਫ ਕੀਤੀ ਅਤੇ ਇਸ ਨੂੰ ਦਸ ਗੁਰੂ ਸਾਹਿਬਾਨ ਦੀ ਜੀਵਨੀ ਬਾਰੇ ਜਾਣਕਾਰੀ ਭਰਪੂਰ ਬਿਆਨਿਆ। ਬਹਿਸ ਦਾ ਆਰੰਭ ਕਰਦਿਆਂ ਗੁਰਮੀਤ ਕੜਿਆਲਵੀ, ਜਸਬੀਰ ਕਲਸੀ ਅਤੇ ਚਮਕੌਰ ਬਾਘੇਵਾਲੀਆ ਨੇ ਪੁਸਤਕ 'ਚ ਅਹਿਮ ਨੁਕਤਿਆਂ ਦਾ ਜਿਕਰ ਕਰਦਿਆਂ ਪੁਸਤਕ ਨੂੰ ਲਾਈਬ੍ਰੇਰੀਆਂ ਲਈ ਵੱਡਮੁੱਲੀ ਕਰਾਰ ਦਿੱਤਾ। ਪ੍ਰੋ. ਕਾਉਂਕੇ ਅਤੇ ਸੀਰਾ ਗਰੇਵਾਲ ਨੇ ਕਿਹਾ ਕਿ ਇਤਿਹਾਸ ਅਤੇ ਧਰਮ ਬਾਰੇ ਲਿਖਣਾ ਕੋਈ ਸੌਖਾ ਕੰਮ ਨਹੀਂ। ਕੇ.ਐੱਲ ਗਰਗ ਨੇ ਸਮੁੱਚੇ ਸਮਾਗਮ ਦੀ ਸਮੀਖਿਆ ਕਰਦਿਆਂ ਸਮਾਗਮ ਨੂੰ ਸਫਲ ਦੱਸਿਆ। ਸਮਾਗਮ ਵਿਚ ਕਰਮਜੀਤ ਕੌਰ, ਰਾਜਿੰਦਰ ਕੌਰ, ਹਰਨੇਕ ਸਿੰਘ, ਨਛੱਤਰ ਪ੍ਰੇਮੀ, ਪ੍ਰਸ਼ੋਤਮ ਪੱਤੋਂ, ਸਰਬਜੀਤ ਕੌਰ ਮਾਹਲਾ, ਬਲਜਿੰਦਰ ਕੌਰ ਕਲਸੀ, ਸੋਨੀਆ ਸਿਮਰ, ਅਰੁਣ ਸ਼ਰਮਾ, ਸੁਰਜੀਤ ਕਾਲੇਕੇ, ਹਰਵਿੰਦਰ ਰੋਡੇ ਨੇ ਆਪਣੀਆਂ-ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਹੋਰਨਾਂ ਤੋਂ ਇਲਾਵਾ ਗਿਆਨ ਸਿੰਘ ਸਾਬਕਾ ਡੀ.ਪੀ.ਆਰ.ਓ, ਸਾਧੂ ਸਿੰਘ ਬਰਾੜ, ਡੀ.ਪੀ. ਇੰਦਰਜੀਤ ਢਿੱਲੋਂ, ਅਮਰਜੀਤ ਸਨੇਰ੍ਹਵੀ, ਜੰਗੀਰ ਖੋਖਰ, ਗੁਰਚਰਨ ਸੰਘਾ, ਪਰਮਜੀਤ ਸਿੰਘ, ਗੁਰਮੇਲ ਚੰਦਨਵਾਂ, ਅਮਰ ਸੂਫੀ, ਸ਼ਿਵਨਾਥ ਦਰਦੀ, ਗੁਰਜਿੰਦਰ ਗੋਲਡੀ ਆਦਿ ਹਾਜ਼ਰ ਸਨ।

# ਖੇਤੀ ਕਾਨੂੰਨਾਂ 'ਤੇ ਭਾਸ਼ਣ ਦੇ ਬਾਅਦ ਕਿਸਾਨ ਨੇਤਾ ਦੀ ਹਾਰਟ ਅਟੈਕ ਨਾਲ ਮੌਤ

ਅੰਮ੍ਰਿਤਸਰ, 22 ਫਰਵਰੀ (ਪੋਸਟ ਬਿਊਰੋ)- ਖੇਤੀ ਸੁਧਾਰ ਕਾਨੂੰਨਾਂ ਬਾਰੇ ਚੱਲ ਰਹੇ ਕਿਸਾਨ ਸੰਘਰਸ਼ ਉੱਤੇ ਵਿਚਾਰ ਰੱਖਣ ਦੇ ਤੁਰੰਤ ਬਾਅਦ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਮਾਸਟਰ ਦਾਤਾਰ ਸਿੰਘ ਦੀ ਮੌਤ ਹੋ ਗਈ।



ਕੱਲ੍ਹ ਇੱਕ ਫਾਊਂਡੇਸ਼ਨ ਵੱਲੋਂ ਮਾਂ ਬੋਲੀ, ਖੇਤੀ ਕਾਨੂੰਨਾਂ ਤੇ ਸ੍ਰੀ ਨਨਕਾਣਾ ਸਾਹਿਬ ਸਾਕਾ ਵਿਸ਼ਿਆਂ ਉੱਤੇ ਸੁਤੰਤਰਤਾ ਸੈਨਾਨੀ ਕਾਮਰੇਡ ਉਜਾਗਰ ਸਿੰਘ ਖਤਰਾਏ ਕਲਾਂ ਦੀ ਬਰਸੀ ਉੱਤੇ ਵਿਰਸਾ ਵਿਹਾਰ ਵਿੱਚ ਸੈਮੀਨਾਰ ਕੀਤਾ ਗਿਆ ਸੀ। ਇਸ ਸਮਾਰੋਹ ਵਿੱਚ ਮਾਸਟਰ ਦਾਤਾਰ ਸਿੰਘ ਦੇਰ ਨਾਲ ਪਹੁੰਚੇ ਅਤੇ ਆਖਰੀ ਭਾਸ਼ਣ ਉਨ੍ਹਾਂ ਨੇ ਦੇਣਾ ਸੀ। ਉਨ੍ਹਾਂ ਨੂੰ ਲੰਮਾ ਭਾਸ਼ਣ ਦੇਣ ਦੀ ਆਦਤ ਸੀ, ਇਸ ਲਈ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਦਸ ਮਿੰਟ ਵਿੱਚ ਭਾਸ਼ਣ ਖਤਮ ਕਰਨ ਲਈ ਕਿਹਾ ਸੀ। ਆਪਣੇ ਭਾਸ਼ਣ ਵਿੱਚ ਉਨ੍ਹਾਂ ਨੇ ਕਿਸਾਨੀ ਸੰਘਰਸ਼ ਅਤੇ ਉਸ ਦੇ ਸਾਹਮਣੇ ਖੜ੍ਹੀਆਂ ਚੁਣੌਤੀਆਂ ਉੱਤੇ ਆਪਣੇ ਵਿਚਾਰ ਰੱਖੇ ਤੇ ਭਾਸ਼ਣ ਸਮੇਂ ਉੱਤੇ ਖਤਮ ਕਰਦੇ ਹੋਏ ਉਨ੍ਹਾਂ ਨੇ ਕਿਹਾ, 'ਮੇਰਾ ਸਮਾਂ ਖਤਮ ਹੋ ਗਿਆ।' ਇਸ ਦੇ ਬਾਅਦ ਉਹ ਮੰਚ ਤੋਂ ਹੇਠਾਂ ਆ ਕੇ ਆਪਣੀ ਸੀਟ ਉੱਤੇ ਬੈਠ ਗਏ। ਕੁਝ ਸਮੇਂ ਬਾਅਦ ਉਨ੍ਹਾਂ ਦੇ ਨਾਲ ਵਾਲੀ ਸੀਟ ਉੱਤੇ ਬੈਠੀ ਉਨ੍ਹਾਂ ਦੀ ਪਤਨੀ ਅਮਰਜੀਤ ਕੌਰ ਨੇ ਦੇਖਿਆ ਕਿ ਦਾਤਾਰ ਸਿੰਘ ਦੀ ਹਾਲਤ ਠੀਕ ਨਹੀਂ ਹੈ। ਉਨ੍ਹਾਂ ਨੇ ਪ੍ਰਬੰਧਕਾਂ ਨੂੰ ਉਨ੍ਹਾਂ ਨੂੰ ਫੋਰਟਿਸ ਹਸਪਤਾਲ ਲੈ ਜਾਣ ਨੂੰ ਕਿਹਾ। ਹਸਪਤਾਲ ਪਹੁੰਚਦੇ ਹੀ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

## ਚੀਨ ਵੱਲੋਂ ਅੱਲੜ੍ਹਾਂ ਬਾਰੇ ਕਾਨੂੰਨ 'ਚ ਸੋਧ : ਅੱਗੇ ਤੋਂ 12-14 ਸਾਲ ਦੀ ਉਮਰ ਦੇ ਦੋਸ਼ੀਆਂ ਨੂੰ ਵੀ ਸਜ਼ਾ

ਬੀਜਿੰਗ, 22 ਫਰਵਰੀ (ਪੋਸਟ ਬਿਊਰੋ)- ਚੀਨ ਨੇ ਆਪਣੇ ਅੱਲੜ੍ਹ ਅਪਰਾਧਕ ਕਾਨੂੰਨ ਵਿੱਚ ਸੋਧ ਕੀਤੀ ਹੈ, ਜੋ ਇੱਕ ਮਾਰਚ ਤੋਂ ਲਾਗੂ ਹੋਵੇਗੀ। ਇਸ ਕਾਨੂੰਨ ਹੇਠ 12 ਸਾਲ ਦੇ ਮੁਲਜ਼ਮਾਂ ਨੂੰ ਵੀ ਸਜ਼ਾ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਸੋਧੇ ਹੋਏ ਕਾਨੂੰਨ ਵਿੱਚ ਕਿਹਾ ਗਿਆ ਹੈ ਕਿ 12 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਨੂੰ ਜਾਣ-ਬੁੱਝ ਕੇ ਕਤਲ ਜਾਂ ਸੱਟ ਮਾਰਨ ਲਈ ਅਪਰਾਧਕ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਉਨ੍ਹਾਂ ਨੂੰ ਅਜਿਹੇ 'ਬੇਹੱਦ ਜ਼ਾਲਮ' ਅਪਰਾਧਾਂ ਲਈ ਮੌਤ ਜਾਂ ਗੰਭੀਰ ਅਪਾਹਜ ਕਰਨ 'ਤੇ ਸਜ਼ਾ ਦਿੱਤੀ ਜਾਵੇਗੀ।

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Grand Upholstery Ltd
Sofa Company Originality in Every Piece
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
Special on Sale
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਚੌਗਿਰਦੇ ਦੀ ਕੀਮਤ ਉੱਤੇ ਵਿਕਾਸ ਨਹੀਂ ਹੋ ਸਕਦਾ

-ਪੂਨਮ ਆਈ ਕੋਸ਼ਿਸ਼-

ਉਤਰਾਖੰਡ ਵਿੱਚ ਮੌਤ ਦਾ ਨੰਗਾ ਨਾਚ ਵੇਖਣ ਨੂੰ ਮਿਲਿਆ ਹੈ। ਇਸ ਰਾਜ ਵਿੱਚ ਏਦਾਂ ਦੀਆਂ ਦੁਰਘਟਨਾਵਾਂ ਦੀ ਸੰਭਾਵਨਾ ਪਹਿਲਾਂ ਤੋਂ ਸੀ। ਲੋਕਾਂ ਵਿੱਚ ਗੁੱਸਾ, ਤਿੱਖਾ ਦਰਦ ਤੇ ਨਿਰਾਸ਼ਾ ਹੈ। ਇਸ ਆਫਤ ਦਾ ਜ਼ਿਕਰ ਕਰਨ ਲਈ ਸ਼ਬਦ ਨਹੀਂ ਹਨ। ਉਤਰਾਖੰਡ ਦੇ ਚਮੌਲੀ ਜ਼ਿਲ੍ਹੇ ਵਿੱਚ ਤਪੋਵਨ ਦੇ ਰੇਣੀ ਖੇਤਰ ਵਿੱਚ ਗਲੇਸ਼ੀਅਰ ਟੁੱਟਣ ਨਾਲ ਮੌਤ ਦਾ ਤਾਂਡਵ ਵੇਖਿਆ ਗਿਆ ਹੈ। ਇਸ ਦੁਰਘਟਨਾ ਵਿੱਚ 206 ਤੋਂ ਵੱਧ ਲੋਕ ਗਾਇਬ ਹੋਏ, 60 ਕੁ ਲਾਸ਼ਾਂ ਕੱਢੀਆਂ ਗਈਆਂ ਹਨ ਅਤੇ ਬਾਕੀ ਲੋਕਾਂ ਦੀ ਭਾਲ ਜਾਰੀ ਹੈ। ਕਈ ਘਰਾਂ ਨੂੰ ਨੁਕਸਾਨ ਪੁੱਜਾ ਹੈ।

ਧੌਲੀ ਗੰਗਾ ਅਤੇ ਅਲਕਨੰਦਾ ਦਰਿਆਵਾਂ ਵਿੱਚ ਭਾਰੀ ਹੜ੍ਹ ਆ ਗਿਆ ਸੀ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਪ੍ਰਮਾਤਮਾ ਦਾ ਮਨੁੱਖੀ ਭੁੱਲਾਂ ਨੂੰ ਸੁਧਾਰਨ ਦਾ ਇੱਕ ਤਰੀਕਾ ਹੈ। ਕੁਝ ਲੋਕ ਇਸ ਲਈ ਸਰਕਾਰ ਨੂੰ ਜ਼ਿੰਮੇਵਾਰ ਮੰਨਦੇ ਹਨ। ਪਿੰਡਾਂ ਵਾਲੇ ਇਸ ਆਫਤ ਨਾਲ ਜੂਝ ਰਹੇ ਹਨ। ਨੇਤਾ ਸਿਆਸੀ ਕੰਮਾਂ ਵਿੱਚ ਰੁਝੇ ਹੋਏ ਹਨ। ਉਹ ਸਰਕਾਰ ਅਤੇ ਕਿਸਾਨਾਂ ਵਿਚਾਲੇ ਡੈਡਲਾਕ ਵਿੱਚ ਉਲਝੇ ਹੋਏ ਹਨ। ਪਾਰਲੀਮੈਂਟ ਵਿੱਚ ਵਿਰੋਧੀ ਧਿਰ ਨੇ ਕੇਂਦਰ ਵੱਲੋਂ ਕਿਸਾਨਾਂ ਦੇ ਮੁੱਦੇ ਦੇ ਹੱਲ ਲਈ ਚੁੱਕੇ ਗਏ ਕਦਮਾਂ ਲਈ ਸਰਕਾਰ ਦੀ ਖਿਚਾਈ ਕੀਤੀ ਤਾਂ ਸਰਕਾਰ ਨੇ ਇਸ ਨੂੰ ਕੌਮਾਂਤਰੀ ਸਾਜ਼ਿਸ਼ ਦੱਸਿਆ ਹੈ।

ਉਤਰਾਖੰਡ ਦੀਆਂ ਮੌਤਾਂ ਉੱਤੇ ਹਰ ਕੋਈ ਦੁੱਖ ਪ੍ਰਗਟ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਇਸ ਆਫਤ ਉੱਤੇ ਨਜ਼ਰ ਰੱਖੀ ਹੋਈ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਥਿਤੀ ਦੀ ਸਮੇਂ-ਸਮੇਂ ਸਮੀਖਿਆ ਕਰਦੇ ਰਹੇ ਹਨ। ਵਿਰੋਧੀ ਧਿਰ ਦੇ ਆਗੂਆਂ ਨੇ ਵੀ ਇਸ ਉੱਤੇ ਅਫਸੋਸ ਪ੍ਰਗਟ ਕੀਤਾ। ਲੋਕਾਂ ਨੂੰ ਮਦਦ ਦੇਣ ਦਾ ਭਰੋਸਾ ਵੀ ਦਿੱਤਾ ਗਿਆ ਹੈ। ਸਰਕਾਰ ਨੇ ਇੱਕ ਆਫਤ ਪ੍ਰਬੰਧਕੀ ਟੀਮ ਬਣਾਈ ਹੈ। ਹਵਾਈ ਜਹਾਜ਼ ਰਾਹੀਂ ਰਾਸ਼ਨ ਭੇਜਿਆ ਗਿਆ ਹੈ। ਸਭ ਇਸ ਗੱਲ ਤੋਂ ਸੰਤੁਸ਼ਟ ਹਨ ਕਿ ਉਨ੍ਹਾਂ ਨੇ ਆਪਣਾ ਫਰਜ਼ ਨਿਭਾਅ ਦਿੱਤਾ ਹੈ। ਫੌਜ, ਹਵਾਈ ਫੌਜ, ਰਾਸ਼ਟਰੀ ਆਫਤ ਪ੍ਰਬੰਧਕੀ ਫੋਰਸ ਅਤੇ ਆਈ ਟੀ ਬੀ ਪੀ ਦੇ ਜਵਾਨ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲੱਗੇ ਹੋਏ ਹਨ।

ਇਸ ਦੌਰਾਨ ਇੱਕ ਵਿਚਾਰਯੋਗ ਸਵਾਲ ਇਹ ਉਠਦਾ ਹੈ ਕਿ ਕੀ ਸੱਚਮੁੱਚ ਕੋਈ ਅਜਿਹੀਆਂ ਆਫਤਾਂ ਦੀ ਪ੍ਰਵਾਹ ਕਰਦਾ ਹੈ? ਉਤਰਾਖੰਡ ਵਿੱਚ ਬੱਦਲ ਫੱਟਣਾ, ਢਿੱਗਾਂ ਡਿੱਗਣੀਆਂ ਅਤੇ ਅਚਾਨਕ ਹੜ੍ਹ ਆਉਣਾ ਇੱਕ ਆਮ ਗੱਲ ਹੈ। ਇਸ ਕਾਰਨ ਹਜ਼ਾਰਾਂ ਲੋਕ ਆਪਣੀ ਜਾਨ ਗੁਆ ਬੈਠਦੇ ਹਨ। ਲੱਖਾਂ ਬੇਘਰ ਹੋ ਜਾਂਦੇ ਹਨ। ਕਰੋੜਾਂ ਰੁਪਏ ਦੀ ਜਾਇਦਾਦ ਨਸ਼ਟ ਹੋ ਜਾਂਦੀ ਹੈ। ਸਰਕਾਰ ਉਦੋਂ ਹੀ ਕਦਮ ਕਿਉਂ ਚੁੱਕਦੀ ਹੈ, ਜਦੋਂ ਲੋਕ ਜਾਨਾਂ ਗੁਆ ਬੈਠਦੇ ਹਨ? ਵਧੇਰੇ ਨੇਤਾ ਇਸ ਗੱਲ ਤੋਂ ਜਾਣੂ ਨਹੀਂ ਹਨ ਕਿ ਹਿਮ-ਾਲਿਆ ਖੇਤਰ ਉੱਤੇ ਸਭ ਤੋਂ ਘੱਟ ਧਿਆਨ ਦਿੱਤਾ ਗਿਆ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਅਸੀਂ ਕਿੰਨੇ ਨਜ਼ਰ ਅੰਦਾਜ਼ ਹਾਂ। ਹੁਕਮਰਾਨ ਬੁਨਿਆਦੀ ਸੁਝਾਵਾਂ ਨੂੰ ਵੀ ਲਾਗੂ ਕਿਉਂ ਨਹੀਂ ਕਰਦੇ? ਸਰਕਾਰ ਨੇ ਬੱਦਲ ਫੱਟਣ, ਭੂਚਾਲ ਆਉਣ ਅਤੇ ਹੜ੍ਹ ਆਦਿ ਲਈ ਲੰਬੇ ਸਮੇਂ ਦੀ ਰਣਨੀਤੀ ਕਿਉਂ ਨਹੀਂ ਬਣਾਈ। ਸਭ ਨੂੰ ਪਤਾ ਹੈ ਕਿ ਇਹ ਲੱਗਭਗ ਹਰ ਸਾਲ ਆਉਣ ਵਾਲੀਆਂ ਆਫਤਾਂ ਹਨ। ਸਿਆਸਤਦਾਨ ਇਹ ਕਿਉਂ ਮੰਨ ਲੈਂਦੇ ਹਨ ਕਿ ਪੈਸਾ ਪ੍ਰਵਾਨ ਕਰਨ ਨਾਲ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ? ਕੀ ਉਹ ਮੰਨਦੇ ਹਨ ਕਿ ਨਾ ਕੇਂਦਰੀ ਆਫਤ ਪ੍ਰਬੰਧ ਅਥਾਰਟੀ ਅਤੇ ਨਾ ਸੂਬਾ ਆਫਤ ਪ੍ਰਬੰਧਕੀ ਬੋਰਡ ਕਿਸੇ ਵੀ ਯੋਜਨਾ ਨੂੰ ਢੁੱਕਵੇਂ ਢੰਗ ਨਾਲ ਲਾਗੂ ਕਰਦੇ ਹਨ?

ਇਸ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ, ਪਰ ਕਿਸੇ ਉੱਤੇ ਅਸਰ ਨਹੀਂ ਪੈਂਦਾ। ਪਿਛਲੇ ਸਾਲ ਰਿਸ਼ੀ ਗੰਗਾ ਤਪੋਵਨ ਜਲ ਬਿਜਲੀ ਯੋਜਨਾ ਵਿਰੁੱਧ ਉਤਰਾਖੰਡ ਹਾਈ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ ਦਾਇਰ ਹੋਈ ਸੀ। ਉਸ ਵਿੱਚ ਦੋਸ਼ ਲਾਇਆ ਗਿਆ ਕਿ ਇਸ ਯੋਜਨਾ ਦੀ ਉਸਾਰੀ ਕਰ ਰਹੀ ਨਿੱਜੀ ਕੰਪਨੀ ਚੌਗਿਰਦੇ ਲਈ ਖਤਰਨਾਕ ਉਸਾਰੀ ਵਾਲੇ ਢੰਗ ਵਰਤ ਰਹੀ ਹੈ। ਇਸ ਕਾਰਨ ਨੰਦਾ ਦੇਵੀ ਬਾਯੋਸਪਰ ਰਿਜ਼ਰਵ ਅਤੇ ਫੁੱਲਾਂ ਦੀ ਘਾਟੀ ਦੇ ਦੁਆਲੇ ਦੇ ਨਾਜ਼ੁਕ ਖੇਤਰਾਂ ਨੂੰ ਨੁਕਸਾਨ ਹੋ ਰਿਹਾ ਹੈ। ਇਸ ਦੇ ਬਾਵਜੂਦ ਅਧਿਕਾਰੀਆਂ ਨੇ ਇਸ ਕੰਪਨੀ ਨੂੰ ਕਲੀਨ ਚਿਟ ਦੇ ਦਿੱਤੀ।

ਗਲੇਸ਼ੀਅਰ ਵਿਗਿਆਨੀਆਂ ਨੇ ਇਸ ਬਾਰੇ ਚਿਤਾਵਨੀ ਦਿੱਤੀ ਸੀ ਕਿ ਏਦਾਂ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਤਾਜ਼ਾ ਘਟਨਾ ਸਰਦੀਆਂ ਦੇ ਮੌਸਮ ਵਿੱਚ ਹੋਈ ਹੈ। ਇਸ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਧਰਤੀ ਦਾ ਤਾਪਮਾਨ ਵਧੀ ਜਾ ਰਿਹਾ ਹੈ। ਸਰਦੀਆਂ ਦੇ ਮੌਸਮ ਵਿੱਚ ਉਤਰੀ ਪੱਛਮੀ ਹਿਮਾਲਿਆ ਦਾ ਤਾਪਮਾਨ ਵੀ ਵਧ ਰਿਹਾ ਹੈ। ਸਨੋਅ ਐਂਡ ਐਵਲਾਂਚ ਸਟੱਡੀ ਐਸਟੈਬਲਿਸ਼ਮੈਂਟ ਚੰਡੀਗੜ੍ਹ ਮੁਤਾਬਕ ਪਿਛਲੇ 25 ਸਾਲਾਂ ਵਿੱਚ ਉਤਰੀ-ਪੂਰਬੀ ਹਿਮਾਲਿਆ ਦਾ ਤਾਪਮਾਨ ਵਧਿਆ ਹੈ। ਇਹ ਹੀ ਰਾਏ ਬੈਂਗਲੁਰੂ ਦੇ ਦਿਵੇਚਾ ਸੈਂਟਰ ਫਾਰ ਕਲਾਈਮੇਟ ਚੇਂਜ ਨੇ ਵੀ ਪ੍ਰਗਟ ਕੀਤੀ ਹੈ। ਇਸ ਖੇਤਰ ਦੇ ਔਸਨ ਤਾਪਮਾਨ ਵਿੱਚ 0.66 ਡਿਗਰੀ ਸੈਂਟੀਗ੍ਰੇਡ ਵਧ ਗਿਆ ਹੈ। ਇਹ ਕੌਮਾਂਤਰੀ ਔਸਤ ਤੋਂ ਕਾਫੀ ਵੱਧ ਹੈ।

ਅਸਲ ਵਿੱਚ ਵਿਗਿਆਨੀ ਸਰਕਾਰ ਉੱਤੇ ਦੋਸ਼ ਲਾਉਂਦੇ ਹਨ ਕਿ ਸਰਕਾਰ ਨੇ ਇਸ ਪੂਰੇ ਖੇਤਰ ਨੂੰ ਇੱਕ ਸੋਮਿਆਂ ਦਾ ਖੇਤਰ ਬਣਾ ਦਿੱਤਾ ਹੈ। ਇਸ ਹਾਲਾਤ ਦੀ ਅਹਿਮੀਅਤ ਵੱਲ ਧਿਆਨ ਨਹੀਂ ਦਿੱਤਾ ਗਿਆ। ਸਰਕਾਰ ਇਸ ਖੇਤਰ ਨੂੰ ਬੰਜਰ ਖੇਤਰ ਮੰਨਦੀ ਹੈ, ਜੋ ਘੱਟ ਕਾਰਬਨ ਵਾਲੀ ਊਰਜਾ ਦੀ ਸਪਲਾਈ ਦਾ ਸੋਮਾ ਬਣ ਸਕਦਾ ਹੈ। ਸਰਕਾਰ ਨੇ ਇਸ ਤੱਥ ਵੱਲ ਧਿਆਨ ਨਹੀਂ ਦਿੱਤਾ ਅਤੇ ਇਥੇ ਮੂਲ ਢਾਂਚਿਆਂ ਤੇ ਬਿਜਲੀ ਦੀਆਂ ਯੋਜਨਾਵਾਂ ਰਾਹੀਂ ਖੇਤਰ ਨੂੰ ਨੁਕਸਾਨ ਪੁਚਾਉਣਾ ਜਾਰੀ ਰੱਖਿਆ ਹੈ। ਜਿੱਥੇ ਇਸ ਉਸਾਰੀ ਦਾ ਕੰਮ ਹੋ ਰਿਹਾ ਹੈ, ਉਥੇ ਕੁਦਰਤੀ ਤਾਕਤਾਂ ਆਪਣੀ ਖੇਡ ਖੇਡਦੀਆਂ ਹਨ।

2014 ਵਿੱਚ ਸੁਪਰੀਮ ਕੋਰਟ ਵੱਲੋਂ ਬਣੀ ਉਚ ਅਧਿਕਾਰੀ ਕਮੇਟੀ ਨੇ 2013 ਵਿੱਚ ਕੇਦਾਰਨਾਥ ਵਿਖੇ ਆਏ ਹੜ੍ਹ ਪਿੱਛੋਂ ਸਿਫਾਰਿਸ਼ ਕੀਤੀ ਸੀ ਕਿ 2000 ਮੀਟਰ ਤੋਂ ਵੱਧ ਉਚਾਈ ਉੱਤੇ 24 ਜਲ ਬਿਜਲੀ ਯੋਜਨਾਵਾਂ ਵਿੱਚੋਂ 23 ਨੂੰ ਰੱਦ ਕਰ ਦਿੱਤਾ ਜਾਵੇ, ਪਰ ਸਰਕਾਰ ਨੇ ਇਨ੍ਹਾਂ ਸਿਫਾਰਿਸ਼ਾਂ ਨੂੰ ਬੇਧਿਆਨ ਕਰ ਦਿੱਤਾ। ਅਸਲ ਵਿੱਚ ਚਮੌਲੀ ਦੀ ਤਾਜ਼ਾ ਆਫਤ ਇੱਕ ਚਿਤਾਵਨੀ ਹੈ ਕਿ ਅਸੀਂ ਆਪਣੀਆਂ ਵਿਕਾਸ ਦੀਆਂ ਪਹਿਲਕਦਮੀਆਂ ਠੀਕ ਕਰੀਏ। ਇਹ ਭੂਗੋਲਿਕ ਪੱਖੋਂ ਨਾਜ਼ਕ ਖੇਤਰਾਂ ਦੇ 100 ਫੀਸਦੀ ਵਿਕਾਸ ਵਿੱਚ ਸਾਡੀ ਅਸਮਰੱਥਾ ਨੂੰ ਵੀ ਦਰਸਾਉਂਦਾ ਹੈ। ਇਹ ਉਤਰਾਖੰਡ ਦੇ ਦਰਿਆਵਾਂ ਦੀਆਂ ਘਾਟੀਆਂ ਵਿੱਚ ਅੰਨ੍ਹੇਵਾਹ ਉਸਾਰੀ ਦੇ ਵਿਰੁੱਧ ਵੀ ਚਿਤਾਵਨੀ ਹੈ। ਸਰਕਾਰ ਨੂੰ ਆਪਣੀਆਂ ਪਹਿਲਕਦਮੀਆਂ ਨਿਰਧਾਰਤ ਕਰਨੀਆਂ ਹੋਣਗੀਆਂ ਅਤੇ ਲੋੜ ਮੁਤਾਬਕ ਨੀਤੀਆਂ ਬਣਾਉਣੀਆਂ ਹੋਣਗੀਆਂ।

ਕੁਲ ਮਿਲਾ ਕੇ ਚੌਗਿਰਦੇ ਦੀ ਕੀਮਤ ਉੱਤੇ ਵਿਕਾਸ ਨਹੀਂ ਹੋ ਸਕਦਾ। ਸਾਡੇ ਸਿਆਸਤਦਾਨਾਂ ਅਤੇ ਹੁਕਮਰਾਨਾਂ ਨੂੰ ਥੋੜ੍ਹੇ ਸਮੇਂ ਦੀਆਂ ਯੋਜਨਾਵਾਂ ਦੀ ਥਾਂ ਲੰਬੇ ਸਮੇਂ ਦੀਆਂ ਯੋਜਨਾਵਾਂ ਉੱਤੇ ਧਿਆਨ ਦੇਣਾ ਹੋਵੇਗਾ। ਇਸ ਸਬੰਧੀ ਕੀ ਕਦਮ ਚੁੱਕੇ ਜਾਣੇ ਹਨ, ਇਸ ਲਈ ਬਹੁਤ ਗਿਆਨੀ ਹੋਣ ਦੀ ਲੋੜ ਨਹੀਂ। ਜੇ ਅਸੀਂ ਇਨ੍ਹਾਂ ਆਫਤਾਂ ਉੱਤੇ ਧਿਆਨ ਨਹੀਂ ਦੇਵਾਂਗੇ ਤਾਂ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਹੋਰ ਵੀ ਵੇਖਣ ਨੂੰ ਮਿਲਣਗੀਆਂ। ਸਾਨੂੰ ਇਸ ਗੱਲ ਵੱਲ ਧਿਆਨ ਦੇਣਾ ਹੋਵੇਗਾ ਕਿ ਅਸੀਂ ਦੁਸ਼ਮਣ ਨੂੰ ਵੇਖ ਲਿਆ ਹੈ ਅਤੇ ਉਹ ਦੁਸ਼ਮਣ ਅਸੀਂ ਖੁਦ ਹੀ ਹਾਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਨੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com


Iqbal Mahal
Producer & Host
Serving the South Asian Community Since 1976

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best


CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
EXCLUSIVE FOR SALE IN WOODSTOCK

CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
FOR SALE
EXCLUSIVE
JAMES C
KAMAL SANDHU RE/MAX GOLD REALTY INC BROKERAGE

# ਵਿਆਹ ਨਾਲ ਸਬੰਧਿਤ ਰੀਤੀ ਰਿਵਾਜ



ਰਵਨਜੋਤ ਕੌਰ ਸਿੱਧੂ ਰਾਵੀ

ਵਿਅਕਤੀ ਜੀਵਨ ਨਾਲ ਸਬੰਧਿਤ ਅਜਿਹਾ ਕੋਈ ਮੌਕਾ ਨਹੀਂ ਜਦੋਂ ਕੋਈ ਰਸਮ ਨਾ ਕੀਤੀ ਜਾਂਦੀ ਹੋਵੇ। ਵਿਅਕਤੀ ਜੀਵਨ ਦੀਆਂ ਤਿੰਨ ਅਵਸਥਾਵਾਂ ਪ੍ਰਮੁੱਖ ਮੰਨੀਆਂ ਜਾਂਦੀਆਂ ਹਨ। ਜਨਮ ਵਿਆਹ ਅਤੇ ਮੌਤ,ਪਰ ਅੱਜ ਅਸੀ ਵਿਆਹ ਨਾਲ ਸਬੰਧਿਤ ਰਸਮਾਂ ਦੀ ਗੱਲ ਕਰਾਂਗੇ।ਵਿਆਹ ਵਿੱਚ ਅਨੇਕਾਂ ਰਸਮਾਂ ਦਾ ਪਾਲਣ ਕੀਤਾ ਜਾਂਦਾ ਹੈ।

ਵਿਆਹ ਹੈ ਕੀ :-ਵਿਆਹ ਇੱਕ ਅਜਿਹੀ ਸਮਾਜਿਕ ਸੰਸਕ੍ਰਿਤਕ ਸੰਸਥਾ ਹੈ ਜਿਹੜੀ ਔਰਤ-ਮਰਦ ਨੂੰ ਸਮਾਜਿਕ ਨਿਯਮਾਂ ਅਧੀਨ ਕਾਮ ਸੰਤੁਸ਼ਟੀ ਦੀ ਪ੍ਰਵਾਨਗੀ ਵੀ ਦਿੰਦੀ ਹੈ ਅਤੇ ਮਨੁੱਖ ਵਿਅਕਤੀਤਵ ਦੇ ਜੈਵਿਕ,ਮਨੋਵਿ-ਗਆਨਿਕ, ਅਧਿਆਤਮਿਕ ਅਤੇ ਨੈਤਿਕ ਵਿਕਾਸ ਦੀਆਂ ਲੋੜਾਂ ਪੂਰੀਆਂ ਕਰਦੀ ਹੋਈ ਪਰਿਵਾਰ ਵਿੱਚ ਵਿਅਕਤੀ ਦੇ ਸਾਂਸਕ੍ਰਿਤਿਕ, ਸਮਾਜਿਕ ਅਤੇ ਆਰਥਿਕ ਅਧਿਕਾਰਾਂ ਦਾ ਨਿਰਧਾਰਨ ਕਰਦਿਆਂ ਉਸਦੀ ਜ਼ੁੰਮੇਵਾਰੀ ਵੀ ਨਿਸ਼ਚਿਤ ਕਰਦੀ ਹੈ। ਇਸ ਸੰਸਥਾ ਰਾਹੀਂ ਹੀ ਮਨੁੱਖ ਮਾਂ, ਪਿਉ, ਧੀ ਭੈਣ, ਭਰਾ ਤੇ ਪੁੱਤ ਆਦਿ ਦੇ ਰਿਸ਼ਤੇ ਵਿੱਚ ਬੱਝਦਾ ਹੋਇਆ ਦੁਨੀਆ ਵਿੱਚ ਸਤਿਕਾਰਿਤ ਸਥਾਨ ਪ੍ਰਾਪਤ ਕਰਦਾ ਹੈ। ਵਿਆਹ ਦੋ ਪਰਿਵਾਰ ਨੂੰ ਅਜਿਹੇ ਰੂਪ ਵਿੱਚ ਬੰਨ ਦਿੰਦੀ ਹੈ, ਜਿਸ ਦੁਆਰਾ ਉਹ ਇੱਕ ਦੂਜੇ ਨਾਲ ਸਹਾਇਕ ਦਾ ਕੰਮ ਕਰਦੇ ਹਨ।ਐਡਵਰਡ ਵੈਸਟਰ ਮਾਰਕ ਅਨੁਸਾਰ 'ਵਿਆਹ ਇੱਕ ਜਾਂ ਇੱਕ ਤੋਂ ਵੱਧ ਮਰਦਾਂ ਅਤੇ ਔਰਤਾਂ ਵਿੱਚ ਸਥਾਪਿਤ ਸੰਬੰਧਿਤ ਹੈ, ਜਿਸਨੂੰ ਕਾਨੂੰਨ ਦੀ ਪ੍ਰਵਾਨਗੀ ਪ੍ਰਪਾਤ ਹੁੰਦੀ ਹੈ,ਜਿਸ ਵਿੱਚ ਵਿਆਹ ਨਾਲ ਸੰਬੰਧਿਤ ਦੋਹਾਂ ਪੱਖਾਂ ਅਤੇ ਉਹਨਾਂ ਦੀ ਪੈਦਾ ਹੋਣ ਵਾਲੀ ਸੰਤਾਨ ਦੇ ਅਧਿਕਾਰ ਤੇ ਕਰਤੱਵ ਜੁੜੇ ਹੁੰਦੇ ਹਨ। ਵਿਆਹ ਮਨੁੱਖੀ ਨੈਤਿਕਤਾ ਅਤੇ ਦੇਸ਼ ਦੀ ਤਾਕਤ ਦਾ ਸੋਮਾ ਹੈ।

ਵਿਆਹ ਦੀ ਪਹਿਲੀ ਰਸਮ ਹੈ "ਵਰ ਤੇ ਕੰਨਿਆ ਲੱਭਣਾ -ਵਿਆਹ ਵਿੱਚ ਸਭ ਤੋ ਅਹਿਮ ਕਾਰਜ ਵਰ / ਕੰਨਿਆ ਦੀ ਚੋਣ ਹੁੰਦਾ ਹੈ। ਇਹ ਸਭ ਤੋ ਔਖਾ ਕੰਮ ਹੈ ਕਿਉਕਿ ਕੁੜੀ ਮੁੰਡੇ ਦੇ ਹਾਣ ਦਾ ਰਿਸ਼ਤਾ ਲੱਭਣਾ,ਪਰਿਵਾਰਕ ਤੰਦਾਂ ਦਾ ਮਿਲਣਾ । ਰਿਸ਼ਤਾ ਕਰਣ ਵੇਲੇ ਆਮ ਤੋਰ ਤੇ ਕੁੜੀ ਦੇ ਸੁਹੱਪਣ ਅਤੇ ਮੁੰਡੇ ਦੀ ਜਾਇਦਾਦ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ ਪੁਰਾਣੇ ਸਮੇਂ ਵਿੱਚ ਰਿਸ਼ਤਾ ਨਾਈ ਪ੍ਰਹਿਤ ਪਾਂਧੇ ਹੀ ਕਰਵਾਉਦੇ ਸਨ ਤੇ ਲੋਕੀ ਉਹਨਾ ਦੇ ਕਹਿਣ ਤੇ ਰਿਸ਼ਤਾ ਕਰ ਦਿੰਦੇ ਸਨ ਵਿਚੋਲਾ ਰਿਸ਼ਤਾ ਕਰਾਉਣ ਵਿੱਚ ਅਹਿਮ ਭੂਮਿਕਾ ਨਭਾਉਦਾਂ ਹੈ।

ਵੇਖ ਵਿਖਾਵਾ-ਜੇਕਰ ਮਾਂ ਬਾਪ ਨੂੰ ਰਿਸ਼ਤਾ ਪਸੰਦ ਆ ਜਾਵੇ ਤਾਂ ਆਮ ਤੋਰ ਤੇ ਮੰਡੇ ਤੇ ਕੁੜੀ ਨੂੰ ਇਕ ਦੂਜੇ ਨੂੰ ਵਿਖਾਉਣ ਦੀ ਰਸਮ ਕੀਤੀ ਜਾਂਦੀ ਹੈ ਭਾਵੇਂ ਇਹ ਸਭ ਕੁਝ ਰਸਮੀ ਹੀ ਹੁੰਦਾ ਹੈ ਪਰ ਮੁੰਡਾ ਕੁੜੀ ਜੇ ਇਕ ਦੂਜੇ ਨੂੰ ਝਾਤੀ ਮਾਰ ਲੈਣ ਤਾਂ ਮਾਂ ਬਾਪ ਸਰਖੁਰੂ ਹੋ ਜਾਂਦੇ ਹਨ। ਆਮ ਤੋਰ ਤੇ ਮੁੰਡਾ ਕੁੜੀ ਇਕ ਦੂਜੇ ਨੂੰ ਪਸੰਦ ਕਰ ਹੀ ਲੈਦੇ ਹਨ। ਮੁੰਡਾ ਕੁੜੀ ਆਪਸ ਵਿੱਚ ਰਸਮੀ ਜਿਹੀ ਗੱਲ ਬਾਤ ਕਰਦੇ ਹਨ ਤੇ ਘਰ ਜਾ ਕੇ ਆਪਣੀ ਹਾਂ ਜਾਂ ਨਾ ਦੱਸ ਦਿੰਦੇ ਹਨ।

ਠਾਕਾ /ਰੋਕਾ- ਪੁਰਾਣੇ ਸਮੇਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਮੁੰਡੇ ਨੂੰ ਇੱਕ ਰੁਪਇਆ ਭੇਜ ਦਿੰਦੇ ਸਨ। ਜਿਸ ਦਾ ਭਾਵ ਇਹ ਹੁੰਦਾ ਸੀ ਕਿ ਕੁੜਮਾਈ ਜਾਂ ਮੰਗਣੀ ਭਾਵੇਂ ਕਦੀ ਵੀ ਹੋਵੇ, ਨਾਤਾ ਪੱਕਾ ਹੈ। ਪਰ ਹੁਣ ਇਸ ਦੇ ਵੀ ਰੂਪ ਬਦਲ ਰਹੇ ਹਨ।

ਮੰਗਣੀ / ਸਗਾਈ-ਪਹਿਲੇ ਸਮੇਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਖੰਮ੍ਹਣੀ, ਰੁਪਇਆ, ਪੰਜ ਮਿਸਰੀ ਦੇ ਕੂਜੇ,ਪੰਜ ਛੁਹਾਰੇ, ਕੇਸਰ ਆਦਿ ਦੇ ਕੇ ਮੁੰਡੇ ਦੇ ਘਰ ਨੂੰ ਘੱਲ ਦਿੰਦੇ ਹਨ। ਮੁੰਡੇ ਵਾਲ਼ਿਆਂ ਨੇ ਰਿਸ਼ਤੇਦਾਰਾਂ ਅਤੇ ਸ਼ਰੀਕੇ ਵਿੱਚ ਸੱਦਾ ਭੇਜਿਆ ਹੁੰਦਾ ਸੀ। ਮੁੰਡੇ ਦੇ ਮਾਮੇ ਤੇ ਪਿਤਾ ਪੰਚਾਇਤ ਦੀ ਹਜੂਰੀ ਵਿੱਚ ਮੁੰਡੇ ਨੂੰ ਚੌਂਕੀ ਤੇ ਬਿਠਾ ਲੈਂਦੇ ਅਤੇ ਨਾਈ ਆਪਣੇ ਨਾਲ ਲਿਆਂਦੀਆਂ ਚੀਜ਼ਾ ਉਸ ਦੀ ਝੋਲੀ ਵਿੱਚ ਪਾਕੇ ਕੇਸਰ ਦਾ ਟਿੱਕਾ ਉਸ ਦੇ ਮੱਥੇ ਉਤੇ ਲਾ ਦਿੰਦਾ। ਕੁੜੀ ਦਾ ਬਾਪ ਜਾਂ ਵਿਚੋਲਾ ਪੱਲੇ ਵਾਲ਼ੀਆ ਚੀਜ਼ਾ ਵਿਚੋਂ ਇੱਕ ਛੁਹਾਰਾ ਮੁੰਡੇ ਦੇ ਅਜਿਹੇ ਹਾਣੀਆ ਨੂੰ ਦਿੱਤੇ ਜਾਦੇਂ ਜਿਨ੍ਹਾਂ ਦੀ ਛੇਤੀ ਹੀ ਮੰਗਣੀ ਹੋਣ ਦੀ ਆਸ ਹੁੰਦੀ।ਮੁੰਡੇ ਵਾਲ਼ੇ ਨਾਈ ਦੇ ਹੱਥ ਮੰਗੇਤਰ ਕੁੜੀ ਵਾਸਤੇ ਸੂਟ, ਜੁੱਤੀ, ਗਹਿਣਾ, ਲਾਲ ਪਰਾਂਦੀ, ਮਹਿੰਦੀ, ਮੌਲ਼ੀ, ਖੰਡ, ਚੌਲ਼, ਛੁਹਾਰੇ ਤੇ ਨਕਦੀ ਆਦਿ ਘੱਲਦੇ। ਕੁੜੀ ਆਪਣੇ ਘਰ ਨ੍ਹਾਂ- ਧੋ, ਜੁੱਤੀ, ਕੱਪੜੇ ਤੇ ਲਾਲ ਪਰਾਂਦੀ ਪਹਿਨ ਕੇ ਚੜ੍ਹਦੇ ਵੱਲ ਮੂੰਹ ਕਰ ਕੇ ਪੀੜੇ ਤੇ ਬੈਠ ਜਾਂਦੀ ਪਿੰਡ ਦੀ ਨਾਇਣ ਸਹੁਰਿਆਂ ਦੀ ਭੇਜੀ ਨਕਦੀ ਉਸ ਦੀ ਝੋਲੀ ਵਿੱਚ ਪਾ ਕੇ ਖੰਡ ਤੇ ਛੁਹਾਰਾ ਉਸ ਦੇ ਮੂੰਹ ਵਿੱਚ ਪਾ ਦਿੰਦੀ ਅਤੇ ਇਸ ਤਰਾਂ ਉਸ ਦੀ ਵੀ ਸਗਾਈ ਹੋਂ ਜਾਦੀ।

ਪਰ ਹੁਣ ਦੇ ਸਮੇਂ ਵਿੱਚ ਇੱਕ ਪ੍ਰੋਗਰਾਮ ਕੀਤਾ ਜਾਂਦਾ ਹੈ। ਵਰ ਤੇ ਕੰਨਿਆ ਦੇ ਪਰਿਵਾਰ ਦੇ ਮੈਂਬਰ ਤੇ ਰਿਸ਼ਤੇਦਾਰ ਆਉਦੇ ਹਨ। ਜਿਸ ਵਿੱਚ ਵਰ ਦੇ ਪਰਿਵਾਰ ਵਲੋਂ ਕੰਨਿਆ ਲਈ ਸੁਗਾਹ ਦਾ ਸਮਾਨ ਲੈਦਾ ਜਾਂਦਾ ਹੈ ਤੇ ਕੰਨਿਆ ਨੂੰ ਤਿਆਰ ਕੀਤਾ ਜਾਂਦਾ, ਬਾਅਦ ਵਿੱਚ ਵਰ ਕੰਨਿਆ ਦੇ ਹੱਥ ਵਿੱਚ ਮੁੰਦਰੀ ਪਾਉਦਾ ਹੈ ਤੇ ਕੰਨਿਆ ਵਰ ਦੇ ਹੱਥ ਵਿੱਚ ਮੁੰਦਰੀ ਪਾਉਦੀ ਹੈ।

ਸਾਹਾ ਕਢਾਉਣਾ- ਸਾਹਾ ਕਢਾਉਣ ਦੀ ਜ਼ਿੰਮੇਵਾਰੀ ਆਮ ਤੋਰ ਤੇ ਮੰਡੇ ਵਾਲਿਆਂ ਦੀ ਹੁੰਦੀ । ਮੰਗਣੀ ਤੋਂ ਪਿੱਛੋ ਕਿਸੇ ਸ਼ੁੱਭ ਮਹੀਨੇ ਦੀ ਤਾਰੀਖ ਵਿਆਹ ਲਈ ਨਿਯਤ ਕਰ ਲਈ ਜਾਂਦੀ ਹੈ। ਇਸ ਨੂੰ "ਸਾਹਾ ਕਢਾਉਣਾ" ਕਿਹਾ ਜਾਂਦਾ ਹੈ।

ਸਾਹੇ ਚਿੱਠੀ ਭੇਜਣਾ-ਵਿਆਹ ਦੀ ਤਾਰੀਖ ਤੋ ਬਾਅਦ ਅਹਿਮ ਕੰਮ ਸਾਹੇ ਚਿੱਠੀ ਭੇਜਣਾ ਹੁੰਦਾ ਹੈ ਇਹ ਕੰਮ ਵਿਚੋਲਾ ਜਾਂ ਨਾਈ ਕਰਦਾ ਹੈ।ਸਾਹੇ ਚਿੱਠੀ ਕੁੜੀ ਵਾਲਿਆਂ ਵਲੋ ਮੰਡੇ ਵਾਲਿਆਂ ਨੂੰ ਭੇਜੀ ਹੈ ਜਿਸ ਵਿੱਚ ਆਪਣੀ ਸਮਰੱਥਾ ਦਰਸਾਉਦੇ ਹੋਏ ਬਰਾਤ ਦੀ ਗਣਿਤੀ,ਵਿਆਹ ਦਾ ਦਿਨ ਅਦਿ ਲਿਖਿਆ ਹੁੰਦਾ ਹੈ । ਚਿੱਠੀ ਨੂੰ ਦੱਭ, ਚੌਲ਼, ਹਲ਼ਦੀ, ਖੰਮ੍ਹਣੀ ਆਦਿ ਵਿੱਚ ਲਪੇਟ ਕੇ ਨਾਈ/ ਵਿਚੋਲੇ ਆਦਿ ਦੇ ਹੱਥ ਮੁੰਡੇ ਵਾਲ਼ਿਆਂ ਨੂੰ ਭੇਜਿਆ ਜਾਂਦਾ ਹੈ।ਸਾਹੇ ਚਿੱਠੀ ਵਾਲੇ ਨੂੰ ਤੇਲ ਚੋ ਕੇ ਸ਼ਗਣਾ ਨਾਲ ਅੰਦਰ ਵਾੜਿਆ ਜਾਂਦਾ ਹੈ,ਮੁੰਡੇ ਵਾਲਿਆਂ ਵਲੋਂ ਸਾਹੇ ਚਿੱਠੀ ਸਾਕ ਸੰਬੰਧੀਆਂ ਨੂੰ ਇੱਕਠੇ ਕਰਕੇ ਪੜੀ ਜਾਂਦੀ ਹੈ। ਚਿੱਠੀ ਪੜ ਕੇ ਸੁਣਾਉਣ ਵਾਲੇ ਨੂੰ ਵੀ ਲਾਗ ਦਿੱਤਾ ਜਾਂਦਾ ਹੈ।

ਸਾਹੇ ਬੱਜਣਾ-ਸਾਹੇ ਬੱਜਣ ਤੋ ਬਾਅਦ ਵਰ ਅਤੇ ਕੰਨਿਆ ਨੂੰ ਬਹੁਤਾ ਘਰੋ ਬਾਹਰ ਨਹੀਂ ਨਿਕਲਣ ਦਿੱਤਾ ਜਾਂਦਾ ਉਹਨਾ ਨੂੰ ਉਜਾੜ ਥਾਵਾ ਤੇ ਜਾਣ ਦੀ ਮਨਾਹੀ ਹੁੰਦੀ ਹੈ ਅਤੇ ਹੋਲਾ ਭਾਰਾ ਕੰਮ ਕਰਨ ਤੋ ਵਰਜਿਆ ਜਾਂਦਾ ਹੈ।

ਵਿਆਹ ਦੀਆਂ ਤਿਆਰੀਆਂ: ਸਾਹੇ ਦੀ ਚਿੱਠੀ ਤੋਂ ਪਿੱਛੋ ਦੋਹਾਂ ਘਰਾਂ ਵਿੱਚ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਦੀਂਆਂ ਹਨ।ਪੁਰਾਣੇ ਸਮੇਂ ਵਿੱਚ ਕੁੜੀ ਵਾਲੇ ਭਾਇਚਾਰੇ ਵਿੱਚ ਮੌਲੀ ਜਾਂ ਰੂੰ ਕੱਤਣ ਤੇ ਪੀਹਣ ਲਈ ਦਾਣੇ ਵੰਡ ਦਿੰਦੇ, ਅੱਜ-ਕੱਲ੍ਹ ਅਜਿਹੇ ਕੰਮ ਮਸ਼ੀਨਾਂ ਤੇ ਕਰਾ ਲਏ ਜਾਂਦੇ ਹਨ। ਫੇਰ ਵੀ ਕੁੜੀ ਦਾ ਵਿਆਹ ਸਾਰੇ ਭਾਇਚਾਰੇ ਦਾ ਕੰਮ ਸਮਝਿਆ ਜਾਂਦਾ ਹੈ। ਮੁੰਡੇ ਵਾਲੇ ਵੀ ਘਰ ਵਰੀ ਆਦਿ ਤਿਆਰ ਕਰਨ ਲੱਗ ਜਾਂਦੇ ਹਨ।

ਵਰੀ ਬਣਾਉਣਾ -ਵਿਆਹ ਤੋ ਕੁਝ ਦਿਨ ਪਹਿਲਾਂ ਵਰੀ ਬਣਾਈ ਜਾਂਦੀ ਹੈ ਜਿਸ ਵਿੱਚ ਮੁੰਡੇ ਵਾਲੇ ਕੁੜੀ ਦੇ ਕੱਪੜੇ ਤੇ ਗਹਿਣੇ ਬਣਾਉਦੇ ਹਨ ਵਰੀ ਬਣਾਉਣ ਲਈ ਆਮ ਤੋਰ ਤੇ ਨੇੜਲੇ ਰਿਸ਼ਤੇਦਾਰਾ ਨੂੰ ਲਿਜਾਇਆਂ ਜਾਂਦਾ ਹਨ ਅੱਜ ਕੱਲ ਵਰੀ ਬਣਾਉਣ ਲਈ ਕੁੜੀ ਨੂੰ ਨਾਲ ਲਿਜਾਣ ਦਾ ਆਮ ਰਿਵਾਜ ਹੋ ਗਿਆ ਹੈ ਕੁੜੀ ਆਪਣੀ ਪਸੰਦ ਦੇ ਸੂਟ ਤੇ ਗਹਿਣੇ ਬਣਵਾ ਲੈਦੀ ਹੈ।

ਮੁੰਡੇ ਦੇ ਪਰਿਵਾਰ ਦੇ ਕੱਪੜੇ ਬਣਾਉਣਾ-

ਕੁੜੀ ਵਾਲੇ ਵੀ ਮੁੰਡੇ ਦੇ ਪਰਿਵਾਰ ਤੇ ਹੋਰ ਨੇੜਲੇ ਰਿਸ਼ਤੇਦਾਰਾ ਲਈ ਕੱਪੜੇ ਬਣਾ ਦਿੰਦੇ ਹਨ।ਜਿਸ ਨੂੰ ਨੌਂਗੇ ਬਣਾਉਣਾ ਕਹਿੰਦੇ ਹਨ।

ਕੜ੍ਹਾਹੀ: - ਸੱਤ ਜਾਂ ਨੌਂ ਦਿਨ ਪਹਿਲਾਂ "ਕੜ੍ਹਾਹੀ ਚੜ੍ਹਾਈ" ਜਾਂਦੀ ਸੀ। ਵਿਆਂਹਦੜ ਦੀ ਮਾਂ ਇਸ ਕੜ੍ਹਾਹੀ ਵਿੱਚ ਤਿਆਰ ਕੀਤੇ ਗੁਲਗੁਲੇ ਆਪਣੇ ਪੇਕਿਆਂ ਨੂੰ ਲੈ ਜਾਦੀ ਤੇ ਉਹਨਾ ਨੂੰ. ਵਿਆਹ ਦਾ ਦਿਨ ਦੱਸ ਆਉਂਦੀ। ਤੇ ਉਹ 'ਨਾਨਕੀ ਛੱਕ ' ਤਿਆਰ ਕਰਨ ਲੱਗ ਜਾਂਦੇ।

ਵੱਟਣਾ ਦੀ ਰਸਮ-ਵਿਆਹ ਤੋਂ ਪਹਿਲਾਂ ਵੱਡੀ ਰੀਤ ਕੇਵਲ ਵਟਣੇ ਦੀ ਹੁੰਦੀ ਹੈ। ਵਰ /ਕੰਨਿਆ ਸਿਰ ਦੇ ਉੱਤੇ ਚਾਰ ਕੁੜੀਆਂ ਚਾਰੇ ਕੰਨੀਆਂ ਫੜ ਕੇ ਪੀਲ਼ੀ ਚਾਦਰ ਦਾ ਚੰਦੋਆ ਤਾਣ ਕੇ ਖੜ੍ਹੀਆਂ ਹੋ ਜਾਂਦੀਆਂ। ਇੱਕ ਠੂਠੀ ਵਿੱਚ ਤੇਲ, ਪਾਣੀ ਤੇ ਹਲਦੀ ਮਿਲ੍ਹਾ ਕੇ ਵਟਣਾ ਤਿਆਰ ਕੀਤਾ ਹੁੰਦਾ। ਇਹ ਰਸਮ ਦੋਰਾਨ ਲੋਕ ਗੀਤ ਗਾਏ ਜਾਂਦੇ ਹਨ।

ਨਾਨਕਾ-ਮੇਲ- ਵਿਆਹ ਤੋਂ ਇੱਕ ਦਿਨ ਪਹਿਲਾਂ ਸੱਦੇ ਹੋਏ ਅੰਗ-ਸਾਕ ਪਹੁੰਚਣੇ ਸ਼ੁਰੂ ਹੋ ਜਾਦੇਂ ਹਨ। ਸਭ ਤੋਂ ਵਧੇਰਾ ਮੇਲ਼ ਨਾਨਕਿਆਂ ਦਾ ਹੁੰਦਾ ਹੈ, ਜਿਹੜੇ ਆਪਣੀ ਦੋਹਤਰੀ ਜਾਂ ਦੋਹਤਮਾਨ ਲਈ ਗਹਿਣੇ, ਬਿਸਤਰੇ, ਪਲੰਘ, ਬਰਤਨ ਤੇ ਕੱਪੜੇ-ਲੀੜੇ ਲੈ ਕੇ ਫੜਿਆ ਹੁੰਦਾ ਹੈ। ਬਾਕੀ ਨਾਨਕਾ ਮੇਲ਼ ਗੀਤ ਗਾਰਦਾਂ, ਸੰਠਨੀਆਂ ਦਿੰਦਾ ਹੋਇਆ ਪਿੰਡ ਦੀ ਜੂਹ ਵਿੱਚ ਵੜਦਾ ਹੈ।

ਚੂੜਾ ਚੜਾਉਣ ਦੀ ਰਸਮ- ਇਹ ਰਸਮ ਵਿਆਹ ਤੋਂ ਇੱਕ ਦਿਨ ਪਹਿਲਾ ਕੀਤੀ ਜਾਂਦੀ ਹੈ। ਇਸ ਵਿੱਚ ਲੜਕੀ ਦਾ ਮਾਮਾ ਲੜਕੀ ਨੂੰ ਚੂੜਾ ਚੜਾਉਂਦਾ ਹੈ। ਇਹ ਚੂੜਾ ਚੜਾਉਣ ਤੋਂ ਪਹਿਲਾ ਲੱਸੀ ਵਿੱਚ ਡੁਬੋਇਆ ਜਾਂਦਾ ਹੈ ਤੇ ਵਿੱਚ ਹਰਾ ਘਾਹ ਤੇ ਗੁਲਾਬ ਦੇ ਫੁੱਲ ਵੀ ਰਖਿਆ ਜਾਂਦਾ ਹੈ।

ਨਹਾਈ ਧੋਈ ਦੀ ਰਸਮ- ਵਿਆਹ ਵਾਲੇ ਦਿਨ ਨਹਾਈ ਧੋਈ ਦੀ ਰਸਮ ਕੀਤੀ ਜਾਂਦੀ ਹੈ। ਇਸ ਰਸਮ ਦੋਰਾਨ ਸੱਤ ਸੁਹਾਗਣਾ ਵਲੋਂ ਵੱਟਣਾ ਲਗਾਇਆ ਜਾਂਦਾ ਹੈ, ਕੰਨਿਆ ਨੂੰ ਨਹਾਉਣ ਤੋਂ, ਫਿਰ ਮਾਮਾ ਕੰਨਿਆ ਨੂੰ ਗੋਦੀ ਚੁੱਕ ਕੇ ਪਟੜੇ ਤੋਂ ਉਤਾਰਦਾ ਹੈ ਤੇ ਸ਼ਗਨ ਵਜੋਂ ਕੁੱਝ ਰੁਪਏ ਤੇ ਦੋ ਲੱਡੂ ਝੋਲੀ ਵਿੱਚ ਪਾਏ ਜਾਂਦੇ ਹਨ ਅਤੇ ਮੂੰਹ ਮਿੱਠਾ ਕਰਾਇਆ ਜਾਂਦਾ ਹੈ।

ਜੰਜ ਲਈ ਤਿਆਰੀ-ਦੂਜੇ ਦਿਨ ਜੰਨ ਚੜ੍ਹਨ ਤੋਂ ਪਹਿਲਾਂ ਮੁੰਡੇ ਨੂੰ ਆਖ਼ਰੀ ਵਟਣਾ ਮਲ਼ ਕੇ ਕੇ ਨੁਹਾ ਦਿੰਦੇ ਹਨ। ਨੁਹਾ ਕੇ ਉਸ ਨੂੰ ਮਾਮੇ ਦੀ ਲਿਆਂਦੀ ਹੋਈ ਪੁਸ਼ਾਕ ਪਹਿਨਾਈ ਜਾਂਦੀ ਹੈ। ਸਰਬਾਲ੍ਹੇ ਨੂੰ ਵੀ ਇਸੇ ਤਰ੍ਹਾਂ ਨੁਹਾ ਜਾਂਦਾ ਹੈ।

ਸ਼ਹਿਰੇ ਬੰਨਾਈ-ਸ਼ਹਿਰੇ ਬੰਨਾਈ ਦੀ ਰਸਮ ਅਹਿਮ ਹੁੰਦੀ ਹੈ। ਲੜਕੇ ਦੀ ਭੈਣ ਵੱਲੋਂ ਆਪਣੇ ਭਰਾ ਦੇ ਸਿਰ ਸਿਹਰੇ ਬੰਨ੍ਹੇ ਜਾਂਦੇ ਹਨ ਅਤੇ ਭਾਬੀਆਂ ਵੱਲੋਂ ਸੁਰਮਾ ਪਾਇਆ ਜਾਂਦਾ ਹੈ। ਬਦਲੇ ਵਿੱਚ ਲਾੜੇ ਵਲੋਂ ਸ਼ਗਨ ਦਿੱਤਾ ਜਾਂਦਾ ਹੈ।ਬਰਾਤ ਜਾਣ ਤੋ ਪਹਿਲਾ ਜਦੋਂ ਲਾੜੇ ਦੇ ਉਸਦੀਆਂ ਭੈਣਾਂ ਸੇਹਰੇ ਬੰਨਦੀਆਂ ਹਨ ਤਾਂ ਨਾਲ ਦੀ ਨਾਲ ਗਾਣੇ ਵੀ ਗਾਏ ਜਾਦੇ ਹਨ ਆਟੇ ਸੁਰਮਾ ਪਵਾਈ ਵੇਲੇ ਵੀ ਗਾਣੇ ਗਾਏ ਜਾਂਦੇ ਹਨ .

ਮਿਲਣੀ: ਪਿੰਡ ਦੇ ਦਰਵਾਜ਼ੇ ਉੱਤੇ ਜਾਂ ਡੇਰੇ ਵਿੱਚ ਪਹੁੰਚਣ ਤੇ 'ਮਿਲਣੀ' ਹੁੰਦੀ ਹੈ। ਮਿਲਣੀ ਵਿੱਚ ਵਰ ਤੇ ਕੰਨਿਆ ਦੇ ਸਾਕੇ ਸਾਕ ਸੰਬੰਧੀ ਮਿਲਣੀ ਕਰਦੇ ਹਾਂ ਇੱਕ ਦੂਜੇ ਦੇ ਹਾਰ ਪਾਉਦੇ ਹਨ।

ਆਨੰਦ ਕਾਰਜ/ਲਾਵਾ-ਆਨੰਦ ਕਾਰਜ ਦੀ ਰਸਮ ਬਹੁਤ ਹੀ ਮਹੱਤਵਪੂਰਨ ਹੁੰਦੀ ਹੈ। ਇਸ ਰਸਮ ਵਿੱਚ 'ਲਾਵਾਂ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜਰੀ ਵਿੱਚ ਵਰ, ਕੰਨਿਆ ਅਤੇ ਦੋਵਾਂ ਧਿਰਾਂ ਦੀ ਮੌਜੂਦਗੀ ਵਿੱਚ ਹੁੰਦੀਆਂ ਹਨ। ਆਨੰਦ ਕਾਰਜ ਲਈ ਕੰਨਿਆ ਦਾ ਪਿਤਾ ਕੰਨਿਆ ਦੇ ਹੱਥ ਵਰ ਦਾ ਪੱਲਾ ਫੜਾਉਦਾ ਹੈ। ਸੁਹਾਗ ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਲੇ - ਦੁਆਲੇ ਲਾਵਾਂ ਦੇ ਪਾਠ ਤੇ ਕੀਰਤਨ ਸਮੇਂ ਚਾਰ ਲਾਵਾਂ ਲੈਦੀਂ ਹੈ।ਆਨੰਦ ਕਾਰਜ ਤੋਂ ਲਾੜੇ ਦੀ ਸੱਸ ਜਵਾਈ ਨੂੰ ਸ਼ਗਨ ਦਿੰਦੀ ਹੈ ਤੇ ਉਸਦਾ ਮੂੰਹ ਮਿੱਠਾ ਕਰਾਉਂਦੀ ਹੈ ।

ਵਰੀ ਦੇਖਣਾ- ਫਿਰ "ਵਰੀ" ਦੇਖਣੀ ਹੁੰਦੀ ਹੈ। ਜਿਹੜੀਆਂ ਵੀ 'ਵਰੀ' ਮੁੰਡੇ ਵਾਲੇ ਕੁੜੀ ਲਈ ਲੈ ਕੇ ਆਏ ਉਹ ਸਭ ਸਮਾਨ ਕੁੜੀਆਂ ਵਾਲਿਆ ਨੂੰ ਦੇਖਿਆ ਜਾਂਦਾ ਹੈ।

ਖੱਟ- ਇਸੇ ਤਰਾਂ ਜੰਨ ਦੇ ਤੁਰਨ ਤੋਂ ਪਹਿਲਾਂ ਕੁੜੀ ਵਾਲ਼ੇ ਮੁੰਡੇ ਵਾਲ਼ਿਆਂ ਨੂੰ ਉਹਨਾ ਤੇ ਉਹਨਾਏ ਭਾਈਚਾਰੇ ਨੂੰ ਦਿੱਤਾ ਜਾਣ ਵਾਲ਼ਾ 'ਖੱਟ' ਵਿਖਾਉਂਦੇ ਹਨ।

ਡੋਲੀ-ਇਸ ਤੋਂ ਪਿੱਛੋਂ ਜੰਨ ਵਿਦਾ ਕਰ ਦਿੱਤੀ ਜਾਂਦੀ ਹੈ। ਮਾਮਾ ਕੁੜੀ ਨੂੰ ਚੁੱਕ ਕੇ ਰੋਂਦੀ, ਕੁਰਲਾਉਂਦੀ ਨੂੰ ਡੋਲ਼ੇ ਵਿੱਚ ਬਿਠਾ ਆਉਂਦਾ ਹੈ।

ਪਾਣੀ ਵਾਰਨਾ- ਮੁੰਡੇ ਦੇ ਘਰ ਪਹੁੰਚਣ ਉੱਤੇ ਮੁੰਡੇ ਦੀ ਮਾਂ ਸ਼ਗਨਾਂ ਦੀ ਥਾਲੀ ਲੈ ਕੇ ਨੂੰਹ-ਪੁੱਤ ਨੂੰ ਲੈਣ ਜਾਂਦੀ ਹੈ। ਦਰਵਾਜ਼ੇ ਉੱਤੇ ਉਹ ਪਾਣੀ ਨਾਲ਼ "ਵਾਰਨੇ ਵਾਰਦੀ" ਹੈ। ਉਹ ਸੱਤ ਵਾਰੀ ਪਾਣੀ ਮੂੰਹ ਨੂੰ ਲਾਉਂਦੀ ਹੈ। ਭਾਵ ਉਹ ਪੁੱਤ ਦੇ ਦੁੱਖ ਆਪਣੇ ਸਿਰ ਲੈਣ ਦੀ ਕੁਰਬਾਨੀ ਕਰਦੀ ਹੈ।ਇਹ ਵੀ ਕਿਹਾ ਜਾਂਦਾ ਹੈ ਕਿ ਪਾਣੀ ਵਾਰਨ ਦੀ ਰਸਮ ਨਾਲ ਨਵੀਂ ਵਹੁਟੀ ਦਾ ਸਾਰਾ ਪਿਆਰ ਸੱਸ ਨਾਲ ਪੈ ਜਾਂਦਾ ਹੈ।

ਛਟੀ ਖੇਡਣਾ- ਦੂਜੇ ਦਿਨ ਸਵੇਰੇ ਲਾੜਾ ਤੇ ਵਹੁਟੀ ਪਿੱਤਰਾ, ਸ਼ਹੀਦਾ ਦੇ ਮੱਥਾ ਟੇਕਣ ਵਾਸਤੇ ਜਾਂਦੇ ਹਨ ਕਈ ਥਾਵਾਂ ਉੱਤੇ ਇਸ ਸਮੇਂ ਛਟੀ ਖੇਡਣ ਦਾ ਵੀ ਰਿਵਾਜ ਹੈ। ਲਾੜਾ ਤੇ ਵਹੁਟੀ ਇੱਕ ਦੂਜੇ ਦੇ ਸੱਤ- ਸੱਤ ਛਟੀਆਂ ਮਾਰਦੇ ਹਨ।

ਪੇਟੀ ਖੁਲ੍ਹਾਈ- ਕੰਨਿਆ ਦੀ ਛੋਟੀ ਨਣਾਨ ਪੇਟੀ ਖੋਲ੍ਹਦੀ ਹੈ ਤੇ "ਪੇਟੀ ਖੁਲ੍ਹਾਈ" ਦਾ ਮਨਭਾਉਂਦਾ ਸੂਟ ਕੱਢ ਲੈਂਦੀ ਹੈ।

ਹਰ ਹੁਣ ਇਹਨਾਂ ਰਸਮਾਂ ਦਾ ਬਹੁਤਾਂ ਮੱਹਵਤ ਨਹੀ ਰਿਹਾਂ ਇਹ ਰਸਮਾਂ ਦਿਨ ਪ੍ਰਤੀ ਦਿਨ ਅਲੋਪ ਹੋ ਰਹੀਆਂ ਹਨ।

# ਤਰਕਸ਼ੀਲਤਾ ਦੇ ਸੰਦਰਭ ਵਿੱਚ ਅਲੌਕਿਕ ਵਰਤਾਰਾ ਅਤੇ ਕਿਸਾਨ ਅੰਦੋਲਨ

-ਬਲਵਿੰਦਰ ਬਰਨਾਲਾ-

ਕਿਸਾਨ ਅੰਦੋਲਣ ਦੇ ਵਿਰਾਟ ਰੂਪ ਧਾਰਨ ਕਾਰਨ ਅਲੌਕਿਕ ਸ਼ਬਦ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ।ਇਸ ਅੰਦੋਲਣ ਨੂੰ ਕਮਿਉਨਿਸ਼ਟ ਬਨਾਮ ਧਰਮ ਵਿਚ ਵੰਡਕੇ ਤੋੜਨ ਦੇ ਯਤਨ ਵੀ ਹੋ ਰਹੇ ਹਨ।ਇਸ ਸ਼ਬਦ ਦੀ ਵਰਤੋਂ ਨੂੰ ਤੂਲ ਦੇਣ ਵਿਚ ਕਿਸ ਕਿਸ ਦਾ ਕੀ ਰੋਲ ਹੈ ਸਾਨੂੰ ਇਸ ਖਲਜਗਨ ਵਿਚ ਪੈਣ ਦੀ ਲੋੜ ਨਹੀਂ।ਸਾਡਾ ਤਰਕਸ਼ੀਲਤਾ ਦੇ ਨਜ਼ਰੀਏ ਤੋਂ ਇਸ ਸਭ ਕੁਝ ਨੂੰ ਸਮਝਣਾ ਅਤੇ ਇਸ ਵਰਤਾਰੇ ਪ੍ਰਤੀ ਇਕ ਸਪੱਸ਼ਟ ਪਹੁੰਚ ਅਪਨਾਉਣਾ ਅਤਿ ਜਰੂਰੀ ਹੈ।ਇਹ ਸਮਝਣਾ ਹੋਰ ਵੀ ਜਰੂਰੀ ਹੈ ਕਿ ਜੇ ਕੋਈ ਘਟਨਾਕਰਮ ਆਮ ਅਵਾਮ ਨੂੰ ਅਚੰਭਤ ਕਰ ਰਿਹਾ ਤਾਂ ਕੀ ਇਹ ਸਭ ਕੁਝ ਸੁਤੇਸਿਧ ਵਾਪਰ ਰਿਹਾ ਹੁੰਦਾ ਹੈ ? ਜੇ ਅਜਿਹਾ ਹੋ ਰਿਹਾ ਤਾਂ ਇਹ ਸਮਝਣਾ ਉਤਨਾ ਹੀ ਜਰੂਰੀ ਹੈ ਕਿ ਇਸ ਪਿਛੇ ਕਿਹੜੀ ਸ਼ਕਤੀ ਕੰਮ ਕਰ ਰਹੀ ਹੁੰਦੀ ਹੈ।ਵਿਗਿਆਨਿਕ ਸਮਝ ਹਰ ਵਰਤਾਰੇ ਨੂੰ ਕਿਸੇ ਅਲਾਹੀ ਜਾਂ ਪਰਾਭੌਤਿਕ ਸ਼ਕਤੀਆਂ ਨਾਲ ਜੋੜਕੇ ਨਹੀਂ ਵੇਖਦੀ ਬਲਕੇ ਇਸ ਪਿਛਲੇ ਕਾਰਨਾ ਦੀ ਤਲਾਸ਼ ਵਿਗਿਆਨਿਕ ਨਜ਼ਰੀਏ ਤੋਂ ਕਰਦੀ ਹੈ ਅਤੇ ਉਚਿਤ ਵਿਗਿਆਨਿਕ ਵਿਸ਼ਲੇਸ਼ਣ ਵੀ ਕਰਦੀ ਹੈ।

ਚੰਦਰਮਾਂ ਜਾਂ ਸੂਰਜ ਦੇ ਗ੍ਰਹਿਣ ਲੱਗਣ ਦੇ ਵਰਤਾਰੇ ਵੀ ਅਲੌਕਿਕ ਵਰਤਾਰੇ ਹਨ ਭਾਵ ਮਨੁੱਖ ਨੂੰ ਹੁਣ ਤੱਕ ਅਚੰਭਤ ਕਰਦੇ ਆਏ ਹਨ।ਦਿਨ ਅਤੇ ਰਾਤ ਦਾ ਹੋਣਾ ਅਤੇ ਰੁੱਤਾਂ ਦਾ ਬਦਲਣਾ ਵੀ ਮਨੁੱਖ ਲਈ ਅਚੰਭਤ ਕਰਨ ਵਾਲੇ ਵਰਤਾਰੇ ਰਹੇ ਹਨ।ਪੁਰਾਤਣ ਮਨੁੱਖ ਇਹਨਾ ਪਿਛੇ ਕਿਸੇ ਅਲਾਹੀ ਜਾਂ ਪਰਾਭੌਤਿਕ ਸ਼ਕਤੀਆਂ ਨੂੰ ਸਮਝਦਾ ਰਿਹਾ ਅਤੇ ਅਜੇ ਵੀ ਮਨੁੱਖਾਂ ਦਾ ਵੱਡਾ ਸਮੂਹ ਇਸੇਤਰਾਂ ਹੀ ਵੇਖ ਰਿਹਾ।ਜੋਤਿਸ਼ ਸਾਸ਼ਤਰ ਵਿਚ ਵਿਸ਼ਵਾਸ ਰੱਖਣ ਵਾਲੇ ਅਜੇ ਵੀ ਅਜਿਹਾ ਹੀ ਵਿਸ਼ਵਾਸ ਰਖਦੇ ਹਨ।ਸੂਰਜ ਦੁਆਲੇ ਘੁਮ ਰਹੇ ਗ੍ਰਹਿਾਂ ਦੇ ਕਿਸਮਤ ਉਪਰ ਪੈਣ ਵਾਲੇ ਅਸਰਾਂ ਨੂੰ ਅੰਕਦੇ ਹਨ।ਪਰ ਵਿਗਿਆਨ ਇਹ ਸਾਬਤ ਕਰ ਚੁਕਿਆ ਕਿ ਜੋਤਿਸ਼ ਸਾਸ਼ਤਰ ਝੂਠ ਦਾ ਪੁਲੰਦਾ ਹੈ।ਹੁਣ ਸਧਾਰਨ ਮਨੁੱਖ ਜਿਸਨੇ ਵਿ-ਗਆਨ ਦੀ ਮੁਢਲੀ ਸਿਖਿਆ ਹੀ ਲਈ ਹੈ ਜਾਣਦਾ ਹੈ ਕਿ ਚੰਦਰਮਾ ਅਤੇ ਸੂਰਜ ਗ੍ਰਹਿਣ ਪਿਛੇ ਕੀ ਵਰਤਾਰਾ ਕੰਮ ਕਰਦਾ ਹੈ ਅਤੇ ਰੁੱਤਾਂ ਕਿਵੇਂ ਬਦਲਦੀਆਂ ਹਨ।ਉਸਨੂੰ ਗਿਆਨ ਹੈ ਕਿ ਜਦ ਧਰਤੀ ਦੇ ਉਤਰੀ ਅਰਧ ਗੋਲੇ ਵਿਚ ਸਰਦੀ ਹੁੰਦੀ ਹੈ ਤਾਂ ਦੱਖਣੀ ਅਰਧ ਗੋਲੇ ਵਿਚ ਗਰਮੀ ਹੁੰਦੀ ਹੈ ਅਤੇ ਧਰਤੀ ਦੀ ਕੇਂਦਰੀ ਰੇਖਾ ਦੁਆਲੇ ਰੁੱਤ ਅਤੇ ਤਾਪਮਾਨ ਵਿਚ ਕੋਈ ਬਹੁਤੀ ਤਬਦੀਲੀ ਨਹੀਂ ਆਉਂਦੀ।ਬਲਕੇ ਤਪਸ਼ ਜਿਆਦਾ ਹੀ ਬਣੀ ਰਹਿੰਦੀ।ਉਥੇ ਭਲਾ ਠੰਡ ਤੇ ਗਰਮੀ ਹੋਣ ਦਾ ਬਦਲਵਾਂ ਵਰਤਾਰਾ ਕਿਉਂ ਨਹੀਂ ਵਾਪਰਦਾ?ਸਾਇਦ ਧਰਤੀ ਦੀ ਕੇਂਦਰੀ ਰੇਖਾ ਦੁਆਲੇ ਰੁੱਤਾਂ ਦਾ ਨਾ ਬਦਲਣਾ ਬਹੁਤਿਆਂ ਲਈ ਅਜੇ ਵੀ ਅਲੌਕਿਕ ਵਰਤਾਰਾ ਹੋਵੇ ਤੇ ਉਹ ਇਸਨੂੰ ਕਿਸੇ ਅਲਾਹੀ ਜਾਂ ਪਰਾਭੌਤਿਕ ਵਰਤਾਰੇ ਵਜੋਂ ਹੀ ਅੰਕਦੇ ਹੋਣ।

ਸਾਨੂੰ ਥੋੜਾ ਅਲਾਹੀ ਅਲੌਕਿਕ ਵਰਤਾਰੇ ਅਤੇ ਸਧਾਰਨ ਅਲੌਕਿਕ ਵਰਤਾਰੇ ਦੇ ਸ਼ਬਦੀ ਅਰਥ ਸਾਫ ਹੋਣੇ ਚਾਹੀਦੇ ਹਨ। ਅਲਾਹੀ ਅਲੌਕਿਕ ਵਰਤਾਰਾ ਉਹ ਵਰਤਾਰਾ ਹੈ ਜਿਸ ਪਿਛੇ ਕਿਸੇ ਰੱਬੀ ਜਾਂ ਪਰਾਭੌਤਿਕ ਸ਼ਕਤੀ ਹੋਣਾ ਮੰਨਿਆ ਜਾਂਦਾ ਹੈ। ਸਧਾਰਨ ਅਲੌਕਿਕ ਵਰਤਾਰਾ ਉਹ ਵਰਤਾਰਾ ਜਿਸਦਾ ਵਾਪਰਨਾ ਮਨੁੱਖ ਨੂੰ ਅਚੰਭਤ ਕਰਦਾ ਜਿਸ ਪਿਛਲੇ ਕਾਰਨਾਂ ਤੋਂ ਉਹ ਅਜੇ ਅਣਜਾਣ ਹੈ ਜਾਂ ਅਜੇ ਖੋਜ਼ ਕਰਨ ਦੀ ਲੋੜ ਹੈ ।ਬੋਦੀਵਾਲਾ ਤਾਰਾ ਜਦ ਦ੍ਰਿਸ਼ ਤੇ ਆਇਆ ਤਾਂ ਜੋਤਿਸ਼ੀਆਂ ਨੇ ਇਸ ਨੂੰ ਮਨੁੱਖਤਾ ਲਈ ਅਪਸ਼ਗਨ ਕਿਹਾ ਅਤੇ ਉਹ ਲੋਕਾਂ ਨੂੰ ਯੱਗ ਕਰਨ ਵਾਸਤੇ ਪ੍ਰੇਰਦੇ ਰਹੇ ਅਤੇ ਉਹਨਾ ਲਈ ਇਕ ਅਲਾਹੀ ਅਲੌਕਿਕ ਵਰਤਾਰਾ ਸੀ। ਪਰ ਵਿਗਿਆਨ ਦੀ ਖੋਜ਼ ਨੇ ਸਪੱਸ਼ਟ ਕਰ ਦਿੱਤਾ ਕਿ ਅਜਿਹਾ ਕੁਝ ਨਹੀਂ ਹੈ।ਮਾੜਾ ਵਾਪਰਨ ਵਰਗੇ ਬੇਥਵੇ ਦਾਵੇ ਗੈਰਵਿਗਿਆਨਿਕ ਹਨ ਅਤੇ ਤਾਰੇ ਦੀ ਪੂਛਲ ਦਾ ਹੋਣਾ ਕੁਝ ਵੀ ਨਵਾਂ ਨਹੀਂ।ਜਦ ਵੀ ਕੋਈ ਗ੍ਰਹਿ ਜਾਂ ਉਪ ਗ੍ਰਹਿ ਜਾਂ ਕੋਈ ਅਜਿਹੀ ਧਰਤੀ ਕਿਸੇ ਹੋਰ ਧਰਤੀ ਦੇ ਵਾਤਾਵਰਣ ਵਿਚ ਪ੍ਰਵੇਸ਼ ਕਰਦੀ ਹੈ ਤਾਂ ਅਕਰਸ਼ਣ (ਰਗੜ) ਕਾਰਨ ਅਜਿਹਾ ਵਾਪਰਦਾ ਹੈ ਅਤੇ ਰਹਿੰਦਖੂੰਦ ਤਾਰੇ ਦੇ ਅੱਗੇ ਵਧਣ ਕਾਰਨ ਪੂਛ ਵਾਂਗ ਦਿਸਦੀ ਹੈ। ਇਸਦਾ ਸਮਾਂ ਤਾਰੇ ਦੇ ਦੂਸਰੀ ਦੇ ਵਾਤਾਵਰਣ ਵਿਚਰਨ ਦੇ ਸਮੇਂ ਦੇ ਬਰਾਬਰ ਹੀ ਹੁੰਦਾ ਹੈ।

ਅਕਾਸ਼ ਅੰਦਰ ਹਰ ਰੋਜ਼ ਅਰਬਾ ਸਧਾਰਨ ਅਲੌਕਿਕ ਵਰਤਾਰੇ ਵਾਪਰਦੇ ਹਨ। ਕਈ ਸਾਡੀ ਦ੍ਰਿਸ਼ਟੀ ਦੀ ਮਾਰ ਵਿਚ ਹੁੰਦੇ ਹਨ ਅਤੇ ਅਰਬਾਂ ਦੂਰਦਰਸ਼ੀ ਮਸ਼ੀਨਾਂ ਰਾਹੀਂ ਵਾਚੇ ਜਾਂਦੇ ਹਨ ਅਤੇ ਅਰਬਾਂ ਮਸ਼ੀਨਾਂ ਦੀ ਪਹੁੰਚ ਤੋਂ ਵੀ ਬਾਹਰ ਹਨ।

ਹੁਣ ਸੁਆਲ ਇਹ ਸਮਝਣਾ ਬਣਦਾ ਕਿ ਕੀ ਅਸੀਂ ਇਹ ਵਿਸਵਾਸ ਕਰ ਲਈਏ ਕਿ ਕੋਈ ਵਰਤਾਰਾ ਬਿਨਾ ਕਿਸੇ ਕਾਰਨ ਦੇ ਵਾਪਰਦਾ ਹੋਵੇ; ਜੇ ਅਜਿਹਾ ਵਿਸਵਾਸ ਹੈ ਤਾਂ ਅਸੀਂ ਬਹੁਤ ਕੁਝ ਜਾਨਣ ਦੀ ਅਸ਼ਲੀਅਤ ਤੋਂ ਵਾਂਝੇ ਰਹਿ ਜਾਵਾਂਗੇ।ਇਹੀ ਅਨਜਾਣਤਾਂ ਸਾਨੂੰ ਹੰਧੇਰੇ ਖੂਹ ਵਿਚ ਛਾਲ ਮਾਰਨ ਵਾਂਗ ਹੋਵੇਗੀ। ਜੇ ਮਨੁੱਖ ਇਸਤਰਾਂ ਅੰਧ ਭਗਤ ਹੋਕੇ ਵਿਚਰਦਾ ਤਾਂ ਉਸਤੋਂ ਕਿਸੇ ਪਰਾਪਤੀ ਦੀ ਕੀ ਆਸ ਰੱਖੀ ਜਾ ਸਕਦੀ ਹੈ? ਫਿਰ ਤਾਂ ਮਨੁੱਖ ਸਮੁੰਦਰਾਂ ਨੂੰ ਖੰਗਾਲਣ,ਹਵਾ ਵਿਚ ਮਸ਼ੀਨਾ ਨਾਲ ਉਡਣ ਤੋਂ ਅਸਮਰਥ ਹੁੰਦਾ । ਵਾਈਟ ਬਰਾਦਰਜ਼ ਨੇ ਜਦੋਂ ਉਡਾਣ ਲਈ ਹਰ ਯਤਨ ਕੀਤੇ ਤੇ ਸਫਲ ਵੀ ਹੋ ਗਏ। ਭਾਵੇਂ ਅਜਿਹੇ ਯਤਨ ਕਰਦਿਆਂ ਉਹ ਆਪਣੀ ਜਾਣ ਗੁਆ ਬੈਠੈ।ਉਹਨਾ ਦੀ ਉਡਾਰੀ ਅਲੌਕਿਕ ਸੀ ਪਰ ਅਲਾਹੀ ਨਹੀਂ ਸੀ।ਉਹਨਾ ਨੇ ਮਨੁੱਖ ਦੇ ਉਡਣ ਲਈ ਇਕ ਖਿਆਲ/ਵਿਚਾਰ ਨੂੰ ਪੱਕਾ ਕੀਤਾ ਅਤੇ ਅੱਜ ਮਨੁੱਖ ਦੂਸਰੇ ਉਪ ਗ੍ਰਹਿਾਂ ਤੇ ਜਾਣ ਦੇ ਯਤਨ ਕਰ ਰਿਹਾ



ਅਤੇ ਆਰਮ ਸਟਰਾਂਗ ਚੰਦਰਮਾ ਦੀ ਯਾਤਰਾ ਕਰਨ ਵਿਚ ਸਫਲ ਵੀ ਹੋਇਆ।ਕੀ ਆਰਮ ਸਟਰਾਂਗ ਦਾ ਚੰਦਰਮਾਂ ਤੇ ਉਤਰਨਾ ਅਲਾਹੀ ਵਰਤਾਰਾ ਸੀ? ਇਹ ਮਨੁੱਖ ਦੇ ਉਡਣ ਦੇ ਯਤਨ ਦੀ ਇਕ ਅਚੰਭਮਈ(ਅਲੋਕਾਰੀ) ਪਰਾਪਤੀ ਸੀ।

ਕੀ ਇੰਦਰਾ ਗਾਂਧੀ ਜਿਸਨੂੰ 'ਕਰਿਸ਼ਮੈਟਿਕ' ਲੀਡਰ ਵਜੋਂ ਦੇਖਿਆ ਜਾਂਦਾ ਸੀ 'ਗੌਡ ਗਿਫਟਡ' ਸੀ ਜਾਂ ਉਸ ਪਾਸ ਉਸਦੇ ਅਜਿਹਾ ਅਕਾਰ ਪਰਾਪਤ ਕਰਨ ਵਿਚ ਉਸਦੇ ਪ੍ਰਧਾਨ ਮੰਤਰੀ ਅਤੇ ਸਿਖਰ ਦੇ ਬੁਧੀਜੀਵੀ ਪਿਤਾ ਤੋਂ ਮਿਲੀ ਵਰਾਸਤ ਸੀ? ਕੀ ਕਦੇ ਅਜਿਹਾ ਵਾਪ-ਰਆ ਕਿ ਅਚਾਨਕ ਹੀ ਕੋਈ ਵਿਅਕਤੀ ਕਿਸੇ ਦੇਸ਼ ਦਾ ਇਕੋ ਦਿਨ ਆਗੂ ਬਣ ਗਿਆ? ਉਸਦੇ ਜੀਵਣ ਦੇ ਇਤਿਹਾਸ ਦੇ ਵਰਕੇ ਸਾਫ ਕਰਨਗੇ ਕਿ ਉਹ ਇਸ ਰੁਤਵੇ ਤੇ ਕਿਵੇਂ ਪਹੁਚਿਆਂ।

ਡੈਨੀਜ ਰੈਸਟਾਉਰੀ ਇਕ ਕਰਿਸ਼ਮਈ ਲੀਡਰ ਨੂੰ ਕਿਸੇ ਅਲਾਹੀ ਦੇਣ ਵਜੋਂ ਨਹੀਂ ਦੇਖਦਾ।ਉਹ ਸਮਝਦਾ ਹੈ ਕਿ ਇਕ ਕਰਿਸ਼ਮਈ ਲੀਡਰ ਵਿਚ ਇਹ ਖਾਸ਼ ਵਿਸ਼ੇਸਤਾਈਆਂ ਮਿਲਣਗੀਆਂ:-

1. ਉਹ ਸਵੈ-ਵਿਸ਼ਵਾਸ ਦਾ ਭਰਿਆ ਹੋਵੇਗਾ:

ਉਦਾਹਰਣ ਵਜੋਂ ਉਹ ਇਸਤਰਾਂ ਕਹੇਗਾ "ਮੈਨੂੰ ਪੂਰਾ ਯਕੀਨ ਹੈ ਕਿ ਇਸਤਰਾਂ ਹੀ ਵਾਪਰੇਗਾ" ਪਰ ਉਹ ਇਸਤਰਾਂ ਨਹੀਂ ਕਹੇਗਾ "ਮੈਂ ਮਹਿਸੂਸ ਕਰਦਾ ਜਾਂ ਸੋਚਦਾ ਕਿ ਇਸਤਰਾਂ ਹੀ ਵਾਪਰੇਗਾ"

2. ਉਹ ਪਾਸ ਮਹਾਨ ਕਹਾਣੀਆਂ ਦੇ ਕਿਸਿਆਂ ਦਾ ਭੰਡਾਰ ਹੋਵੇਗਾ:

ਭਾਵ ਉਹ ਪਬਲਿਕ ਨੂੰ ਖਿਚਨ ਤੇ ਪ੍ਰਭਾਵਤ ਕਰਨ ਲਈ ਤੱਥ ਭਰਭੂਰ ਕਿੱਸਿਆਂ ਦੀ ਵਰਤੋਂ ਕਰਨ ਵਿਚ ਮਾਹਰ ਹੋਵੇਗਾ;ਹਾਸਰਸ ਦੀ ਭਰਭੂਰ ਵਰਤੋਂ ਕਰੇਗਾ।

3. ਸਰੀਰਕ ਦਿੱਖ ਅਤੇ ਪਹੁੰਚ: ਅਜਿਹੇ ਲੀਡਰਾਂ ਤੱਕ ਪਹੁੰਚ ਸੌਖੀ ਹੁੰਦੀ ਹੈ ਤੇ ਉਹਨਾ ਵਿਚ ਗੱਲਬਾਤ ਦਾ ਲਹਿਜੇ ਵਿਚ ਖੁਲ੍ਹਾਪਣ ਹੁੰਦਾ ਹੈ।

4. ਉਸਦੀ ਗੱਲਬਾਤ ਆਪਣੇ ਤੇ ਕੇਂਦਰਤ ਨਾ ਹੋਕੇ ਦੂਸਰਿਆਂ ਤੇ ਜਿਆਦਾ ਹੁੰਦੀ ਹੈ।ਦੂਸਰੇ ਦੇ ਹਵਾਲਿਆਂ ਦੀ ਵਰਤੋਂ ਕਰਨਾ ਉਸਦਾ ਮੁਖ ਗੁਣ ਹੁੰਦਾ ਹੈ।

5. ਉਹ ਚੰਗਾ ਸਰੋਤਾ ਹੁੰਦਾ ਹੈ।

ਭਾਰਤ ਦੇ ਹੀ ਨਹੀਂ ਸਗੋਂ ਸੰਸਾਰ ਦੇ ਇਤਿਹਾਸ ਵਿਚ ਭਾਰਤੀ ਕਿਸਾਨ ਅੰਦੋਲਣ ਦਾ ਇਸ ਕਦਰ ਉਭਰਨਾ ਕੀ ਅਲਾਹੀ ਅਲੌਕਿਕ ਵਰਤਾਰਾ ਹੈ ਜਾਂ ਸਧਾਰਨ ਅਲੌਕਿਕ ਮਨੁੱਖ ਦੇ ਵਿਕਾਸ ਦਾ ਸਧਾਰਨ ਵਰਤਾਰਾ? ਕੀ ਬਲਵੀਰ ਸਿੰਘ ਰਾਜੇਵਾਲ ਸਾਹਿਬ ਦਾ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਕਰਨ ਤੱਕ ਪੁਜ ਜਾਣਾ ਅਲਾਹੀ ਅਲੌਕਿਕ ਵਰਤਾਰਾ ਜਾਂ ਇਕ ਹੰਢੇ ਵਰਤੇ ਅੱਠਵੇਂ ਦਹਾਕੇ ਨੂੰ ਢੁਕੇ ਤਜ਼ਰਬੇਕਾਰ ਲੀਡਰ ਦੀ ਅਗਵਾਈ ਦਾ ਸਧਾਰਨ ਅਲੌਕਿਕ ਵਰਤਾਰਾ ਹੈ? ਕੀ ਉਪਰੋਕਤ ਡੇਨੀਜ਼ ਰੈਸਟਾਉਰੀ ਵਲੋਂ ਦੱਸੇ ਗੁਣਾ ਵਿਚ ਲਬਰੇਜ਼ ਲੀਡਰ ਨਹੀ ਰਾਜੇਵਾਲ ਸਾਹਿਬ ? ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਦੂਸਰੇ ਵੱਡੇ ਆਗੂ ਹਨ ਜਿੰਨ੍ਹਾ 35 ਸਾਲਾਂ ਤੋਂ ਕਿਸਾਨ ਅੰਦੋਲਣਾ ਦੀ ਅਗਵਾਈ ਕੀਤੀ ਹੈ।ਉਹਨਾ ਦਾ ਇਕ ਅਨੁਸ਼ਾਸਿਤ ਕਾਡਰ ਦੀ ਅਗਵਾਈ ਕਰਨਾ ਅਲੌਕਿਕ ਨਹੀਂ ਹੈ?ਇਸਤਰੀ ਸਮੂਹਾਂ ਦੀ ਹਾਜ਼ਰੀ ਟਿਕਰੀ ਬਾਰਡਰ ਹੀ ਕਿਉਂ ਹੈ? ਜੋਗਿੰਦਰ ਸਿੰਘ ਉਗਰਾਹਾਂ ਨੂੰ ਨਾਸਤਿਕ ਅਤੇ ਕਾਮਰੇਡ ਕਹਿਕੇ ਨਕਾਰਨ ਵਾਲਿਆਂ ਨੂੰ ਉਸਦੀ ਅਗਵਾਈ ਹੇਠ ਇੱਕ ਬਹੁਤ ਹੀ ਅਨੁਸ਼ਾਸਿਤ ਅਤੇ ਵੱਡੇ ਵਰਗ ਦੇ ਧਰਨੇ ਦੀ ਅਲੌਕਿਕਤਾ ਕਿਉਂ ਨਹੀਂ ਨਜ਼ਰ ਪੈਂਦੀ ਕਿਉਂਕ ਉਥੇ ਉਹਨਾ ਨੂੰ ਆਪਣੀ ਸਿਰਜੀ ਅਲਾਹੀ ਅਲੌਕਿਕਤਾ ਦਾ ਝਲਕਾਰਾ ਨਹੀਂ ਮਿਲਦਾ।ਅਲੌਕਿਕ ਕੀ ਵਾਪਰਿਆ? ਬਹੁਤ ਹੀ ਸਪੱਸ਼ਟ ਹੈ ਮੋਦੀ ਸਰਕਾਰ ਦੇ 'ਕਾਰਨਾਮਿਆਂ' ਤੋਂ ਅੱਕੀ ਅਤੇ ਪਿਛਲੇ ਦੋ ਦਹਾਕਿਆਂ ਤੋਂ ਖੁਦਕਸ਼ੀਆਂ ਦੇ ਰਾਸਤੇ ਪਈ ਕਿਸਾਨੀ ਨਵੇਂ ਆਏ ਤਿੰਨ ਕਾਲੇ ਕਾਨੂੰਨਾ ਕਾਰਨ ਪੰਜਾਬ ਵਿਚ ਇਕਜੁੱਟ ਹੋ ਗਈ। ਇਸਨੂੰ ਹੋਰ ਬਲ ਦੂਸਰੇ ਸੂਬਿਆਂ ਦੇ ਕਿਸਾਨਾ ਦੇ ਜੁੜਨ ਨਾਲ ਮਿ-ਲਆ।ਉਪਰੋਂ "ਅਲਾਹੀ" ਰੂਪ ਵਿਚ ਉਤਾਰੇ ਲੀਡਰ ਇਸ ਅੰਦੋਲਣ ਨੂੰ "ਅਲਾਹੀ" ਰੰਗਤ ਦੇਕੇ ਵਰਤਨ ਜਾਂ ਸ਼ਾਜਸ ਰਚਨ ਲੱਗੇ।ਇਹ ਤਜ਼ਰਬੇਕਾਰ ਲੀਡਰਸ਼ਿਪ ਦਾ ਹੀ ਵਰਤਾਰਾ ਸੀ ਕਿ ਅੰਦੋਲਣ ਝਟਕਾ ਲੱਗਣ ਤੋਂ ਬਾਅਦ ਸਗੋਂ ਹੋਰ ਸੰਭਲ ਗਿਆ।ਅਲਾਹੀ ਅਲੋਕਿਕਤਾ ਦਾ ਮੁਲੱਮਾ ਉਤਾਰਕੇ ਉਹਨਾ ਇਹ ਸਾਬਤ ਕਰ ਦਿੱਤਾ ਕਿ ਦੁਨੀਆਂ ਵਿਚ ਜਨਤਕ ਅੰਦੋਲਣ ਹੀ ਹਨ ਜਿਹੜੇ ਕਿਸੇ ਸਿਆਸਤ ਦੀ ਦਿਸ਼ਾ ਮੋੜਨ ਦੀ ਸਮਰਥਾ ਰਖਦੇ ਹਨ।ਤੁਸੀਂ ਤੱਥਾਂ ਨੂੰ ਝੂਠ ਦੀ ਚਾਦਰ ਵਿਚ ਅਸਥਾਈ ਰੂਪ ਵਿਚ ਲਕੋਣ ਵਿਚ ਸਫਲ ਤਾਂ ਹੋ ਸਕਦੇ ਹੋ ਪਰ ਇਹ ਵਰਤਾਰਾ ਅਸਥਾਈ ਹੈ। ਅਸ਼ਲੀਅਤ ਨੂੰ ਦਬਾਕੇ ਬਹੁਤਾ ਸਮਾ ਨਹੀਂ ਰੱਖਿਆ ਜਾ ਸਕਦਾ ਆਖਰ ਸੱਚ ਉਘੜ ਹੀ ਆਉਂਦਾ ਹੈ।

ਇਕ ਚੰਗੇ ਵਕਤਾ ਨੂੰ ਅਸੀਂ ਕਰਿਸ਼ਮੈਟਿਕ(ਚਮਤਕਾਰੀ) ਸਖਸ਼ੀਅਤ ਕਹਿ ਸਕਦੇ ਹਾਂ ਜਿਹੜਾ ਪਬਲਿਕ ਨੂੰ ਆਪਣੇ ਵੱਲ ਖਿਚਣ ਦੀ ਸਮਰਥਾ ਰਖਦਾ ਹੈ ਅਤੇ ਅਗਵਾਈ ਦੇਣ ਦੀ ਯੋਗਤਾ ਰਖਦਾ ਹੈ।ਮਨੋਵਿਗਿਆਨ ਦੇ ਨਜ਼ਰੀਏ ਤੋਂ ਅੱਛਾ ਬੁਲਾਰਾ ਕੋਣ ਹੋ ਸਕਦਾ ਅਤੇ ਕਿਸ ਹੱਦ ਤੱਕ ਉਹ ਆਪਣੀ ਸਥਿਰਤਾ ਬਣਾਈ ਰਖਦਾ ਹੈ।ਅੱਛਾ ਬੁਲਾਰਾ ਉਹ ਹੀ ਹੋ ਸਕਦਾ ਹੈ ਜਿਸ ਪਾਸ ਸਬੰਧਤ ਵਿਸ਼ੇ ਦਾ ਗਿਆਨ ਹੈ,ਜਿਸ ਪਾਸ ਸਾਰੀਆਂ ਵਾਰਤਾਲਾਪ ਮੁਹਾਰਤਾਂ ਹਨ।ਉਹ ਸਬੰਧਤ ਸਰੋਤਿਆਂ ਦੀ ਨਬਜ਼ ਪਛਾਣਦਾ ਹੈ ਅਤੇ ਉਸਦੀ ਪੇਸ਼ਕਾਰੀ ਸੱਚ ਅਤੇ ਸੁਚ ਵਿਚ ਲਿਪਟੀ ਹੁੰਦੀ ਹੈ।ਉਸਦੀ ਸਰੀਰਕ ਦਿਖ ਅਤੇ ਪ੍ਰਗਟਾਵਾ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਹੁੰਦਾ ਹੈ ਅਤੇ ਉਸ ਅੰਦਰ ਆਪਣੀ ਪਹੁੰਚ ਦੀ ਦ੍ਰਿੜਤਾ ਹੁੰਦੀ ਹੈ।

ਅੰਤ ਵਿਚ ਅਸੀਂ ਇਸ ਨਤੀਜ਼ੇ ਪਹੁੰਚਦੇ ਹਾਂ ਕਿ ਕੁਝ ਵੀ ਅਲਾਹੀ ਜਾਂ ਪਰਾਭੌਤਿਕ ਸ਼ਕਤੀ ਕਾਰਨ ਨਹੀਂ ਵਾਪਰਦਾ। ਕਿਸੇ ਜਨਤਕ ਅੰਦੋਲਣ ਦੇ ਵਿਸ਼ਾਲ ਰੂਪ ਧਾਰਨ ਦੇ ਵਰਤਾਰੇ ਨੂੰ ਅਸੀਂ ਮਨੁੱਖ ਦੇ ਯਤਨਾ ਤੋਂ ਸਖਣਾ ਨਹੀਂ ਕਰ ਸਕਦੇ।ਅਲੌਕਿਕ ਵਰਤਾਰਾ ਉਹ ਵਰਤਾਰਾ ਹੈ ਜਿਸਦਾ ਵਾਪਰਨਾ ਮਨੁੱਖ ਜਾਤੀ ਨੂੰ ਅਚੰਭਤ ਕਰਦਾ ਹੈ ਅਤੇ ਉਸਦੇ ਵਾਪਰਨ ਦੇ ਕਾਰਨਾਂ ਵਾਰੇ ਉਸ ਪਾਸ ਤਸ਼ੱਲੀਬਖਸ਼ ਉਤਰ ਨਹੀਂ ਹੁੰਦਾ।ਪਰ ਅੰਧਵਿਸ਼ਵਾਸੀ ਵਰਗ ਇਸਦੇ ਕਾਰਨਾ ਨੂੰ ਤਲਾਸ਼ਣ ਦੀ ਬਜਾਏ ਅਲਾਹੀ ਵਰਤਾਰਾ ਕਹਿਕੇ ਸੌਖਾ ਰਾਸ਼ਤਾ ਲੱਭ ਲੈਂਦਾ ਹੈ।ਸਾਨੂੰ ਅਲਾਹੀ ਅਲੌਕਿਕਤਾ ਅਤੇ ਸਧਾਰਨ ਅਲੌਕਿਕਤਾ ਵਿਚ ਫਰਕ ਨੂੰ ਪਛਾਣਨ ਦੀ ਜਰੂਰਤ ਹੈ।ਅਲਾਹੀ ਦਾ ਭਾਵ ਹੈ ਕਿਸੇ ਦੈਵੀ ਜਾਂ ਪਰਾਭੌਤਿਕ ਸ਼ਕਤੀ ; ਅਲੌਕਿਕ ਦਾ ਭਾਵ ਹੈ ਕੋਈ ਵੀ ਅਚੰਭਤ ਜਾਂ ਕਰਿਸ਼ਮੈਟਿਕ ਵਾਪਰਨਾ।ਜਨਤਕ ਅੰਦੋਲਣਾ ਦਾ ਅਨਿਆਏ ਦੇ ਖਿਲਾਫ ਉਭਰਨਾ ਮਨੁੱਖੀ ਇਤਿਹਾਸ ਦਾ ਉਭਰਵਾਂ ਵਰਤਾਰਾ ਹੈ ਜੋ ਸਦੀਆਂ ਤੋਂ ਵਾਪਰਦਾ ਆਇਆ ਅਤੇ ਜਿਸਨੇ ਮਨੁੱਖ ਦੇ ਵਿਕਾਸ ਵਿਚ ਅਹਿਮ ਰੋਲ ਅਦਾ ਕੀਤਾ ਅਤੇ ਇਸਦੇ ਅੰਦੋਲਣਾ ਨੂੰ ਅਲਾਹੀ ਵਰਤਾਰੇ ਕਹਿਕੇ ਅਸੀਂ ਮਨੁੱਖ ਦੇ ਸ਼ੰਘਰਸ਼ਮਈ ਇਤਿਹਾਸ ਦੇ ਲੀਕ ਫੇਰਦੇ ਹਾਂ ਅਤੇ ਮਨੁੱਖ ਦੇ ਯਤਨਾ ਨੂੰ ਨਿਰਉਤਸ਼ਾਹਤ ਕਰਦੇ ਹਾਂ।



# ਪੰਜਾਬ ਵਿੱਚ ਡੀਜ਼ਲ ਉੱਤੇ ਐਕਸਾਈਜ਼ ਡਿਊਟੀ 7 ਸਾਲਾਂ ਵਿੱਚ 700 ਫੀਸਦੀ ਵਧੀ



ਜਲੰਧਰ, 22 ਫਰਵਰੀ (ਪੋਸਟ ਬਿਊਰੋ)- ਸਾਰੇ ਭਾਰਤ ਵਿੱਚ ਮਹਿੰਗੇ ਹੁੰਦੇ ਜਾਂਦੇ ਪੈਟਰੋਲ ਅਤੇ ਡੀਜ਼ਲ ਨਾਲ ਨਾ ਸਿਰਫ ਲੋਕਾਂ ਵਿੱਚ ਹਾਹਾਕਾਰ ਮਚੀ ਹੋਈ ਹੈ, ਸਗੋਂ ਮਹਿੰਗਾਈ ਵੀ ਨਵੇਂ ਰਿਕਾਰਡ ਛੋਹਣ ਲੱਗ ਪਈ ਹੈ। ਕੇਂਦਰ ਸਰਕਾਰ ਵੱਲੋਂ ਪੈਟਰੋਲ, ਡੀਜ਼ਲ ਦੀ ਐਕਸਾਈਜ਼ ਡਿਊਟੀ ਵਧਾਉਣ ਨਾਲ ਜਿੱਥੇ ਤੇਲ ਮਹਿੰਗਾ ਹੁੰਦਾ ਜਾਂਦਾ ਹੈ, ਉਥੇ ਦੂਜੇ ਪੰਜਾਬ ਵਿੱਚ ਵੀ ਜ਼ਿਆਦਾ ਵੈਟ ਹੋਣਅਤੇ ਹੋਰ ਆਮਦਨ ਨਾ ਹੋਣ ਦੀ ਗੱਲ ਕਰ ਕੇ ਲੋਕਾਂ ਨੂੰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕੋਈ ਰਾਹਤ ਨਹੀਂ ਦਿੱਤੀ ਜਾ ਰਹੀ ਅਤੇ ਤੇਲ ਏਥੇ ਵੀ ਮਹਿੰਗਾ ਹੁੰਦਾ ਜਾਂਦਾ ਹੈ।

ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਘੱਟ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਤੇਜ਼ੀ ਨਾਲ ਐਕਸਾਈਜ਼ ਡਿਊਟੀ ਵਧਾਈ ਜਾ ਰਹੀ ਹੈ ਅਤੇ ਇਸ ਵਿੱਚ ਕੋਈ ਹੈਰਾਨੀ ਨਹੀਂ ਕਿ ਆਉਂਦੇ ਦਿਨਾਂ ਵਿੱਚ ਪੈਟਰੋਲ ਅਤੇ ਡੀਜ਼ਲ ਦੀ ਅਸਲ ਕੀਮਤ ਘੱਟ ਹੋਵੇਗੀ, ਪਰ ਇਸ ਉਪਰ ਐਕਸਾਈਜ਼ ਡਿਊਟੀ ਵੱਧ ਹੋ ਜਾਵੇਗੀ। ਇਸ ਵੇਲੇ ਪੈਟਰੋਲ ਦੀ ਰਿਫਾਈਨਰੀ ਸਮੇਤ ਅਸਲ ਕੀਮਤ 33.47 ਰੁਪਏ ਹੈ, ਜਦ ਕਿ ਸੈਸ ਸਮੇਤ ਐਕਸਾਈਜ਼ ਡਿਊਟੀ 32.98 ਰੁਪਏ ਹੋ ਗਈ ਹੈ। ਇਸੇ ਤਰ੍ਹਾਂ ਨਾਲ ਡੀਜ਼ਲ ਦੀ ਰਿਫਾਈਨਰੀ ਵਿੱਚ ਮੂਲ ਕੀਮਤ 35.14 ਰੁਪਏ ਹੈ, ਜਦ ਕਿ ਇਸ ਉੱਤੇ ਸੈਸ ਸਮੇਤ ਐਕਸਾਈਜ਼ ਡਿਊਟੀ 31.83 ਰੁਪਏ ਪ੍ਰਤੀ ਲੀਟਰ ਹੈ ਅਤੇ ਲਗਾਤਾਰ ਐਕਸਾਈਜ਼ ਡਿਊਟੀ ਦੇ ਵਧਣ ਨਾਲ ਇਹ ਮੂਲ ਕੀਮਤ ਦੇ ਬਰਾਬਰ ਪੁੱਜਣ ਲੱਗੀ ਹੈ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸਰਕਾਰ ਦੇ ਰਾਜ ਵਿੱਚ ਡੀਜ਼ਲ ਉਤੇ ਐਕਸਾਈਜ਼ ਦੀਆਂ ਦਰਾਂ ਵਿੱਚ ਬਹੁਤਾ ਵਾਧਾ ਇਸ ਕਰ ਕੇ ਨਹੀਂ ਕੀਤਾ ਗਿਆ ਕਿ ਡੀਜ਼ਲ ਉਪਰ ਐਕਸਾਈਜ਼ ਡਿਊਟੀ ਵਧਣ ਨਾਲ ਇਹ ਮਹਿੰਗਾ ਹੋ ਜਾਂਦਾ ਅਤੇ ਮਹਿੰਗਾਈ ਵਧਦੀ ਹੈ, ਪਰ ਭਾਜਪਾ ਸਰਕਾਰ ਦੇ ਆਉਣ ਪਿੱਛੋਂ ਐਕਸਾਈਜ਼ ਡਿਊਟੀ ਵਿੱਚ ਹੀ ਅੱਜ ਤੱਕ ਸੱਤ ਸੌ ਫੀਸਦੀ ਤੋਂ ਜ਼ਿਆਦਾ ਵਾਧਾ ਹੋ ਚੁੱਕਾ ਹੈ। ਯੂ ਪੀ ਏ ਸਰਕਾਰ ਦੇ ਸਮੇਂ 107 ਡਾਲਰ ਪ੍ਰਤੀ ਬੈਰਲ ਕੱਚੇ ਤੇਲ ਦਾ ਮੁੱਲ ਹੋਣ ਦੇ ਬਾਵਜੂਦ ਐਕਸਾਈਜ਼ ਡਿਊਟੀ ਘੱਟ ਸੀ, ਦਸੰਬਰ 2020 ਵਿੱਚ ਸਭ ਤੋਂ ਸਸਤਾ ਕੱਚਾ ਤੇਲ 48 ਡਾਲਰ ਪ੍ਰਤੀ ਬੈਰਲ ਤੇ ਇਸ ਵੇਲੇ ਫਰਵਰੀ ਵਿੱਚ ਸੱਠ ਡਾਲਰ ਪ੍ਰਤੀ ਬੈਰਲ ਹੋਣ ਦੇ ਬਾਵਜੂਦ ਲੋਕਾਂ ਨੂੰ ਸਸਤੇ ਤੇਲ ਦਾ ਫਾਇਦਾ ਨਹੀਂ ਮਿਲਿਆ ਤੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੁੰਦਾ ਰਿਹਾ ਹੈ।

ਨਵੰਬਰ 2014 ਵਿੱਚ ਡੀਜ਼ਲ ਉੱਤੇ ਐਕਸਾਈਜ਼ ਡਿਊਟੀ 3.46 ਰੁਪਏ ਸੀ। ਇਸ ਪਿੱਛੋਂ ਐਕਸਾਈਜ਼ ਡਿਊਟੀ ਲਗਾਤਾਰ ਵਧਾਈ ਜਾਂਦੀ ਰਹੀ ਹੈ। ਅਗਸਤ 2017 ਵਿੱਚ ਐਕਸਾਈਜ਼ ਡਿਊਟੀ 17.33 ਰੁਪਏ, ਜੂਨ 2020 ਵਿੱਚ 18.83 ਰੁਪਏ, ਫਰਵਰੀ 2021 ਵਿੱਚ ਇਸ ਵੇਲੇ 31.83 ਰੁਪਏ ਪ੍ਰਤੀ ਲੀਟਰ ਐਕਸਾਈਜ਼ ਡਿਊਟੀ ਵਸੂਲੀ ਜਾ ਰਹੀ ਹੈ। ਇਸੇ ਤਰ੍ਹਾਂ ਪੰਜਾਬ ਵੱਲੋਂ ਵੀ ਡੀਜ਼ਲ ਉੱਤੇ ਵੈਟ ਦਰਾਂ ਵਧਾਉਣ ਦੀ ਕਸਰ ਨਹੀਂ ਛੱਡੀ ਗਈ। ਡੀਜ਼ਲ ਉੱਤੇ ਨਵੰਬਰ 2014 ਵਿੱਚ ਵੈਟ 12.53 ਫੀਸਦੀ, ਅਗਸਤ 17 ਵਿੱਚ 17.54, ਜੂਨ 20 ਵਿੱਚ 19.46 ਤੇ 21 ਫਰਵਰੀ ਨੂੰ 19.49 ਫੀਸਦੀ ਵੈਟ ਦਰ ਵਸੂਲੀ ਜਾ ਰਹੀ ਹੈ, ਜੋ ਗੁਆਂਢੀ ਰਾਜਾਂ ਵਿੱਚ ਸਭ ਤੋਂ ਵੱਧ ਹੈ। ਚੰਡੀਗੜ੍ਹ ਵਿੱਚ 2.82 ਰੁਪਏ ਪ੍ਰਤੀ ਲੀਟਰ, ਹਰਿਆਣਾ ਵਿੱਚ 2.42 ਰੁਪਏ, ਹਿਮਾਚਲ ਪ੍ਰਦੇਸ਼ ਵਿੱਚ 4.64 ਰੁਪਏ ਤੇ ਜੰਮੂ ਕਸ਼ਮੀਰ ਵਿੱਚ 1.83 ਰੁਪਏ ਪ੍ਰਤੀ ਲੀਟਰ ਡੀਜ਼ਲ ਪੰਜਾਬ ਨਾਲੋਂ ਸਸਤਾ ਮਿਲ ਰਿਹਾ ਹੈ। ਪੰਜਾਬ ਵਿੱਚ 45 ਫੀਸਦੀ ਕਿਸਾਨੀ ਵਰਗ ਹੀ ਡੀਜ਼ਲ ਉੱਤੇ ਖਪਤ ਕਰਦਾ ਹੈ, ਜਿਸ ਨਾਲ ਕਿਸਾਨ ਅਤੇ ਟਰਾਂਸਪੋਰਟਰ ਵਰਗ ਨੂੰ ਮਹਿੰਗਾ ਡੀਜ਼ਲ ਲੈਣਾ ਪੈਂਦਾ ਹੈ।

# ਕੋਰੋਨਾ ਟੀਕਾ ਨਾ ਲਵਾਉਣ ਵਾਲੇ ਸਿਹਤ ਮੁਲਾਜ਼ਮਾਂ ਨੂੰ ਇਲਾਜ ਖਰਚ ਖੁਦ ਚੁੱਕਣਾ ਹੋਵੇਗਾ



ਚੰਡੀਗੜ੍ਹ, 22 ਫਰਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਸਿਹਤ ਕਾਮਿਆਂ ਦੀ ਰੋਗ ਨਾਲ ਲੜਨ ਦੀ ਸਮਰੱਥਾਵਧਾਉਣ ਲਈ ਚਲਾਈ ਕੋਵਿਡ-19 ਟੀਕਾਕਰਨ ਮੁਹਿੰਮ ਹੇਠ ਉਨ੍ਹਾਂ ਨੂੰ ਕਈ ਵਾਰ ਮੌਕਾ ਦਿੱਤਾ ਹੈ, ਪਰ ਏਨੇ ਮੌਕਿਆਂ ਦੇ ਬਾਵਜੂਦ ਜਿਨ੍ਹਾਂ ਸਿਹਤ ਕਰਮਚਾਰੀਆਂ ਨੇ ਟੀਕਾ ਨਹੀਂ ਲਵਾਇਆ, ਉਹ ਜੇ ਵਾਇਰਸ ਦਾ ਸ਼ਿਕਾਰ ਹੋ ਗਏ ਤਾਂ ਸਾਰਿਆਂ ਨੂੰ ਇਸ ਦਾ ਖਰਚਾ ਖੁਦ ਚੁੱਕਣਾ ਹੋਵੇਗਾ ਅਤੇ ਅਜਿਹੇ ਕਰਮਚਾਰੀ ਇਕਾਂਤਵਾਸ ਛੁੱਟੀ ਦਾ ਲਾਭ ਲੈਣ ਦੇ ਵੀ ਯੋਗ ਨਹੀਂ ਹੋਣਗੇ। ਇਹ ਪ੍ਰਗਟਾਵਾ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕੀਤ ਹੈ।

ਸਿਹਤ ਮੰਤਰੀ ਨੇ ਸਿਹਤ ਵਰਕਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਝਿਜਕ ਤੋਂ ਆਪਣੀ, ਆਪਣੇ ਪਰਵਾਰਕ ਮੈਂਬਰਾਂ ਤੇ ਨੇੜਲੇ ਸਕੇ-ਸੰਬੰਧੀਆਂ ਦੀ ਸਿਹਤ ਨੂੰ ਕੋਰੋਨਾ ਤੋਂ ਸੁਰੱਖਿਅਤ ਰੱਖਣ ਲਈ ਛੇਤੀ ਤੋਂ ਛੇਤੀ ਟੀਕਾ ਲਗਵਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਲਈ ਟੀਕਾਕਰਨ ਦੀ ਪਹਿਲੀ ਖ਼ੁਰਾਕ ਲੈਣ ਦੀ ਆਖਰੀ ਮਿਤੀ 19 ਫਰਵਰੀ ਤੋਂ ਵਧਾ ਕੇ 25 ਫਰਵਰੀ ਤੱਕ ਕਰ ਦਿੱਤੀ ਗਈ ਹੈ।

# ਐਨ ਆਰ ਆਈ ਦੀ ਕੋਠੀ ਵਿੱਚੋਂ 12.5 ਲੱਖ ਤੇ 80 ਗਰਾਮ ਹੈਰੋਇਨ ਮਿਲੀ



ਪਟਿਆਲਾ, 22 ਫਰਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੀ ਨਾਭਾ ਰੋਡ ਦੀ ਮਜੀਠੀਆ ਇਨਕਲੇਵ ਵਿੱਚ ਇੱਕ ਐਨ ਆਰ ਆਈ ਦੀ ਕੋਠੀ ਵਿੱਚੋਂ ਐਂਟੀ ਨਾਰਕੋਟਿਕਸ ਸੈਲ ਦੀ ਟੀਮ ਨੇ ਛਾਪਾ ਮਾਰ ਕੇ 80 ਗਰਾਮ ਹੈਰੋਇਨ ਅਤੇ 12 ਲੱਖ ਪੰਜਾਹ ਹਜ਼ਾਰ ਰੁਪਏ ਕੈਸ਼ ਬਰਾਮਦ ਕੀਤਾ ਹੈ। ਇਹ ਛਾਪੇਮਾਰੀ ਸ਼ੁੱਕਰਵਾਰ ਦੁਪਹਿਰ ਵੇਲੇ ਹੋਈ ਸੀ ਅਤੇ ਦੋ ਦਿਨ ਤੱਕ ਚੱਲੀ ਸਰਚ ਦੇ ਦੌਰਾਨ ਇਹ ਰਿਕਵਰੀ ਹੋਈ ਹੈ। ਇਸ ਮਾਮਲੇ ਵਿੱਚ ਪੁਲਸ ਨੇ ਕੋਠੀ ਵਿੱਚ ਕਿਰਾਏਦਾਰ ਦੇ ਤੌਰ ਉੱਤੇ ਪਿੰਡ ਗਾਜੀਪੁਰ ਸਮਾਣਾ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ, ਪਰ ਅਜੇ ਦੋਸ਼ੀ ਫਰਾਰ ਹਨ।

ਇਲਾਕੇ ਵਿੱਚ ਚਰਚਾ ਹੈ ਕਿ ਮੌਕੇ ਤੋਂ ਮਿਲੀ ਰਕਮ ਵੱਧ ਸੀ, ਪਰ ਅਜੇ ਇਸ ਦੀ ਪੁਸ਼ਟੀ ਨਹੀਂ ਹੋਈ। ਐਸ ਐਸ ਪੀ ਵਿਕਰਮਜੀਤ ਦੁੱਗਲ ਨੇ ਕਿਹਾ ਕਿ ਇਸ ਮਾਮਲੇ ਵਿੱਚ ਡੀ ਐਸ ਪੀ ਕ੍ਰਿਸ਼ਨ ਕੁਮਾਰ ਪੈਂਥੇ ਦੀ ਨਿਗਰਾਨੀ ਵਿੱਚ ਟੀਮ ਕਾਰਵਾਈ ਕਰ ਰਹੀ ਹੈ। ਹਾਲੇ ਪੜਤਾਲ ਜਾਰੀ ਹੈ। ਜਾਂਚ ਦੇ ਦੌਰਾਨ ਜੋ ਵੀ ਸਬੂਤ ਮਿਲਣਗੇ, ਉਸ ਦੇ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਏਗੀ।

ਇਸ ਦੌਰਾਨ ਭਾਰਤ-ਪਾਕਿ ਸੀਮਾ ਉੱਤੇ ਬੀ ਓ ਪੀ ਚੰਦੂ ਵਡਾਲਾ ਨੇੜਿਉਂ ਬੀ ਐਸ ਐਫ ਅਤੇ ਐਸ ਟੀ ਐਫ ਨੇ ਕੱਲ੍ਹ ਚਾਰ ਕਿਲੋ 200 ਗਰਾਮ ਹੈਰੋਇਨ, ਇੱਕ ਤੀਹ ਬੋਰ ਚਾਈਨਾ ਮੇਡ ਪਿਸਤੌਲ ਅਤੇ ਇੱਕ ਮੈਗਜੀਨ ਬਰਾਮਦ ਕੀਤੀ ਹੈ। ਫਿਰੋਜ਼ਪੁਰ ਸੈਕਟਰ ਵਿੱਚ ਬੀ ਐਸ ਐਫ ਜਵਾਨਾਂ ਨੇ ਟਰੈਕਟਰ ਵਿੱਚ ਲੁਕਾਈ 895 ਗ੍ਰਾਮ ਹੈਰੋਇਨ ਲੱਭੀ ਹੈ।

# ਬੱਸ ਹੇਠ ਕੁਚਲਣ ਕਾਰਨ ਦੋ ਸਕੇ ਭਰਾਵਾਂ ਦੀ ਮੌਤ

ਬਟਾਲਾ, 22 ਫਰਵਰੀ (ਪੋਸਟ ਬਿਊਰੋ)- ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇ ਉੱਤੇ ਬਟਾਲਾ ਸ਼ੂਗਰ ਮਿੱਲ ਨੇੜੇ ਦੋ ਸਕੇ ਪ੍ਰਵਾਸੀ ਭਰਾਵਾਂ ਨੂੰ ਇੱਕ ਬੱਸ ਨੇ ਕੁਚਲ ਦਿੱਤਾ, ਜਿਸ ਨਾਲ ਦੋਵਾਂ ਦੀ ਮੌਕੇ ਉੱਤੇ ਮੌਤ ਹੋ ਗਈ ਹੈ।

ਜਾਣਕਾਰੀ ਮੁਤਾਬਕ ਅਜੈ ਗਿਰੀ ਅਤੇ ਵਿਜੈ ਗਿਰੀ ਪੁੱਤਰਾਨ ਤੂਫ਼ਾਨੀ ਗਿਰੀ, ਪਿੰਡ ਪੰਸ਼ਖਡਵਾ, ਜ਼ਿਲ੍ਹਾ ਬਾਪੂਧਾਮ (ਬਿਹਾਰ), ਇਸ ਸਮੇਂਕਾਹਨੂੰਵਾਨ ਰੋਡ ਬਟਾਲਾ ਦੇ ਰਹਿਣ ਵਾਲੇ ਸਨ। ਪਿਛਲੇ ਕਰੀਬ 12 ਸਾਲਾਂ ਤੋਂ ਮਜ਼ਦੂਰੀ ਦਾ ਕੰਮ ਕਰਦੇ ਆ ਸਨ ਅਤੇ ਕੱਲ੍ਹ ਰਾਤ ਉਕਤ ਦੋਵੇਂ ਭਰਾ ਪਿੰਡ ਬੱਲ੍ਹਵਾਲ ਤੋਂ ਕੰਮ ਖਤਮ ਕਰ ਕੇ ਵਾਪਸ ਘਰ ਮੋਟਰਸਾਈਕਲਉੱਤੇ ਆ ਰਹੇ ਸੀ। ਜਦੋਂ ਇਹ ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇ ਉੱਤੇ ਬਟਾਲਾ ਸ਼ੂਗਰ ਮਿੱਲ ਨੇੜੇ ਪੁੱਜੇ ਤਾ ਇੱਕ ਬੱਸ ਨੇ ਉਕਤ ਦੋਵਾਂ ਭਰਵਾ ਨੂੰ ਕੁਚਲ ਦਿੱਤਾ, ਜਿਸ ਨਾਲ ਉਨ੍ਹਾਂ ਦੀ ਮੌਕੇ ਉੱਤੇ ਮੌਤ ਹੋ ਗਈ।ਘਟਨਾ ਦੀ ਸੂਚਨਾ ਮਿਲਦਿਆਂ ਸਾਰ ਥਾਣਾ ਸਦਰ ਦੀ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ, ਪਰ ਬੱਸ ਦਾ ਡਰਾਈਵਰ ਮੌਕੇ ਤੋਂ ਬੱਸ ਛੱਡ ਕੇ ਫਰਾਰ ਹੋ ਗਿਆ।

# ਹਾਰਡਵੇਅਰ ਸਟੋਰ ਦੇ ਗੋਦਾਮ ਦੀ ਲਿਫਟ ਟੁੱਟੀ, ਇੱਕ ਜਣੇ ਦੀ ਮੌਤ



ਜਲੰਧਰ, 22 ਫਰਵਰੀ (ਪੋਸਟ ਬਿਊਰੋ)- ਥਾਣਾ ਨੰਬਰ ਤਿੰਨ ਦੀ ਹੱਦ ਵਿਚਲੇ ਭਗਤ ਸਿੰਘ ਚੌਕ ਲਾਗੇ ਕੱਲ੍ਹ ਸਵੇਰੇ ਉਸ ਵੇਲੇ ਕਪੂਰ ਟ੍ਰੇਡਰਜ਼ ਦੇ ਗੋਦਾਮ ਵਿੱਚ ਲੱਗੀ ਲਿਫਟ ਦੀ ਉਦੋਂ ਤਾਰ ਟੁੱਟਣ ਨਾਲ ਇੱਕ ਜਣੇ ਦੀ ਮੌਤ ਹੋ ਗਈ ਤੇ ਦੂਜਾ ਗੰਭੀਰ ਜ਼ਖਮੀ ਹੋ ਗਿਆ, ਜਦੋਂ ਉਹ ਦੂਜੀ ਮੰਜ਼ਿਲ ਤੋਂ ਲਿਫਟ ਵਿੱਚ ਹੇਠਾਂ ਆ ਰਹੇ ਸਨ।

ਮਿਲੀ ਜਾਣਕਾਰੀ ਅਨੁਸਾਰ ਕਪੂਰ ਟ੍ਰੇਡਰਜ਼ ਭਗਤ ਸਿੰਘ ਚੌਕ ਨੇ ਆਪਣੇ ਗੋਦਾਮ ਵਿੱਚ ਇੱਕ ਦੇਸੀ ਲਿਫਟ ਲਾਈ ਹੋਈ ਹੈ ਜਿਸ ਨਾਲ ਉਹ ਸਾਮਾਨ ਪਹਿਲੀ ਮੰਜ਼ਿਲ ਤੋਂ ਦੂਜੀ ਅਤੇ ਦੂਜੀ ਤੋਂ ਹੇਠਾਂ ਲਿਆ ਕੇ ਗਾਹਕਾਂ ਨੂੰ ਸਪਲਾਈ ਕਰਦੇ ਹਨ। ਕੱਲ੍ਹ ਸਵੇਰੇ ਦੁਕਾਨ ਉੱਤੇ ਕੰਮ ਕਰਨ ਵਾਲਾ ਮੁਲਾਜ਼ਮ ਰਾਜੂ ਅਤੇ ਅਵਿਨਾਸ਼ ਦੂਜੀ ਮੰਜ਼ਿਲ ਤੋਂ ਲਿਫਟ ਵਿੱਚ ਸਾਮਾਨ ਲੈ ਕੇ ਗਰਾਊਂਡ ਫਲੋਰ ਉੱਤੇ ਆ ਰਹੇ ਸਨ ਕਿ ਰਸਤੇ ਵਿੱਚ ਲਿਫਟ ਦੀ ਤਾਰ ਟੁੱਟ ਕੇ ਲਿਫਟ ਹੇਠਾਂ ਡਿੱਗ ਪਈ,ਜਿਸ ਨਾਲ ਦੋਵੇਂ ਮੁਲਾਜ਼ਮ ਗੰਭੀਰ ਜ਼ਖਮੀ ਹੋ ਗਏ। ਦੋਵਾਂ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਲੈ ਗਏ, ਜਿੱਥੇ ਰਾਜੂ ਵਾਸੀ ਯੂ ਪੀ ਮੌਜੂਦਾ ਵਾਸੀ ਤੇਜ ਮੋਹਨ ਨਗਰ ਦੀ ਮੌਤ ਹੋ ਗਈ, ਜਦ ਕਿ ਅਵਿਨਾਸ਼ ਦਾ ਇਲਾਜ ਚੱਲ ਰਿਹਾ ਹੈ।

ਘਟਨਾ ਦੀ ਸੂਚਨਾ ਮਿਲਦਿਆਂ ਸਾਰ ਥਾਣਾ ਤਿੰਨ ਦੇ ਮੁਖੀ ਸਬ ਇੰਸਪੈਕਟਰ ਮੁਕੇਸ਼ ਕੁਮਾਰ ਮੌਕੇ ਉੱਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ। ਥਾਣਾ ਮੁਖੀ ਮੁਕੇਸ਼ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਦੇ ਪਰਵਾਰ ਨੇ ਵੱਲੋਂ ਕੋਈ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਜਿਸ ਕਾਰਨ ਕਿਸੇ ਦੇ ਖਿਲਾਫ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ। ਉਨ੍ਹਾਂ ਦਸਿਆ ਕਿ ਉਹ ਆਪਣੇ ਤੌਰ ਉੱਤੇ ਮਾਮਲੇ ਦੀ ਜਾਂਚ ਵਿੱਚ ਰੁਝੇ ਹੋਏ ਹਨ ਅਤੇ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਦੁਕਾਨਦਾਰ ਵੱਲੋਂ ਲਗਾਈ ਗਈ ਲਿਫਟ ਦੀ ਮਨਜ਼ੂਰੀ ਲਈ ਗਈ ਹੈ ਜਾਂ ਬਿਨਾਂ ਮਨਜ਼ੂਰੀ ਤੋਂ ਹੀ ਉਨ੍ਹਾਂ ਨੇ ਲਿਫਟ ਲਾਈ ਹੋਈ ਹੈ।

# ਟਾਂਡਾ ਕਾਲਜ ਦੇ ਦੋ ਵਾਇਸ ਪ੍ਰਧਾਨ ਦੇਸੀ ਪਿਸਤੌਲਾਂ ਤੇ ਕਾਰਤੂਸਾਂ ਸਣੇ ਕਾਬੂ



ਹੁਸ਼ਿਆਰਪੁਰ, 22 ਫਰਵਰੀ (ਪੋਸਟ ਬਿਊਰੋ)- ਸੀ ਆਈ ਏ ਸਟਾਫ ਨੇ ਕੱਲ੍ਹ ਟਾਂਡਾ ਦੇ ਜਾਜਾ ਚੌਕ ਤੋਂ ਦੋ ਨੌਜਵਾਨਾਂ ਨੂੰ ਅਸਲੇ ਸਮੇਤ ਫੜਿਆ ਹੈ। ਦੋਵੇਂ ਟਾਂਡਾ ਸਰਕਾਰੀ ਕਾਲਜ ਦੀ ਸਟੂਡੈਂਟ ਯੂਨੀਅਨ ਦੇ ਵਾਇਸ ਪ੍ਰਧਾਨ ਹਨ। ਇਨ੍ਹਾਂ ਵਿੱਚੋਂ ਇੱਕ ਦੀ ਟਾਂਡਾ ਦੇ ਇੱਕ ਯੂਥ ਕਾਂਗਰਸੀ ਨੇਤਾ ਨਾਲ ਨੇੜਤਾ ਹੈ ਅਤੇ ਉਸ ਨੂੰ ਕਾਲਜ ਵਿੱਚ ਪ੍ਰਧਾਨਗੀ ਦਿਵਾਉਣ ਵਿੱਚ ਵੀ ਇੱਕ ਕਾਂਗਰਸੀ ਨੇਤਾ ਦੀ ਵੱਡੀ ਭੂਮਿਕਾ ਰਹੀ ਹੈ।

ਸੀ ਆਈ ਏ ਸਟਾਫ ਹੁਸ਼ਿਆਰਪੁਰ ਦੇ ਇੰਚਾਰਜ ਮਹੇਸ਼ ਚੰਦਰ, ਗੁਰਨਾਮ ਸਿੰਘ, ਰਮਨ ਕੁਮਾਰ, ਤਰਲੋਕ ਸਿੰਘ, ਸੁਮਿਤ ਕੁਮਾਰ, ਉਮੇਸ਼ ਸ਼ਰਮਾ ਅਤੇ ਕਲਪਨਾ ਦੇਵੀ ਟਾਂਡਾ ਇਲਾਕੇ ਵਿੱਚ ਗਸ਼ਤ ਉੱਤੇ ਸਨ। ਇਸ ਦੌਰਾਨ ਉਨ੍ਹਾਂ ਨੇ ਦੋ ਮੋਟਰ ਸਾਈਕਲ ਸਵਾਰ ਨੌਜਵਾਨਾਂ ਨੂੰ ਜਾਜਾ ਚੌਕ ਬਾਈਪਾਸ ਨੇੜੇ ਆਉਂਦੇ ਦੇਖਿਆ, ਜੋ ਪੁਲਸ ਟੀਮ ਨੂੰ ਦੇਖ ਕੇ ਮੁੜ ਕੇ ਭੱਜਣ ਲੱਗੇ, ਜਿਨ੍ਹਾਂ ਨੂੰ ਮੌਕੇ ਉੱਤੇ ਪੁਲਸ ਟੀਮ ਨੇ ਕਾਬੂ ਕਰ ਲਿਆ। ਫੜੇ ਦੋਸ਼ੀਆਂ ਦੀ ਪਛਾਣ ਸੁਖਵਿੰਦਰ ਸਿੰਘ ਲਾਲੀ ਵਾਸੀ ਡੁੱਗਰੀ (ਦਸੂਹਾ) ਤੇ ਨਿਤੀਸ਼ ਕੌਸ਼ਲ ਉਰਫ ਗਣੇਸ਼ ਵਾਸੀ ਅੱਡਾ ਸਰਾਂ (ਕੰਧਾਲਾ ਜੱਟਾਂ) ਵਜੋਂ ਹੋਈ ਹੈ। ਇਸ ਮੌਕੇ ਜਦ ਪੁਲਸ ਨੇ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ ਦੋ 32 ਬੋਰ ਦੇ ਦੇਸੀ ਪਿਸਤੌਲ ਤੇ 10 ਜਿੰਦਾ ਕਾਰਤੂਸ ਬਰਾਮਦ ਹੋਏ, ਜਿਸ ’ਤੇ ਦੋਵਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਖਿਲਾਫ ਥਾਣਾ ਟਾਂਡਾ ਵਿੱਚ ਆਰਮਜ਼ ਐਕਟ ਤਹਿਤ ਮਾਮਲੇ ਦਰਜ ਕਰ ਕੇ ਅਗਲੀ ਕਾਨੂੰਨੀ ਕਰਵਾਈ ਜਾਰੀ ਰੱਖੀ ਗਈ ਹੈ।

# ਖੇਡਦੇ-ਖੇਡਦੇ ਭੈਣ-ਭਰਾਵਾਂ ’ਚ ਬਹਿਸ ਪਿੱਛੋਂ 14 ਸਾਲ ਦੀ ਲੜਕੀ ਨੇ ਫਾਹਾ ਲੈ ਲਿਆ



ਚੰਡੀਗੜ੍ਹ, 22 ਫਰਵਰੀ (ਪੋਸਟ ਬਿਊਰੋ)- ਘਰ ਵਿੱਚ ਖੇਡਦੇ ਹੋਏ ਭੈਣ-ਭਰਾਵਾਂ ਦੀ ਬਹਿਸ ਹੋ ਗਈ। ਇਸ ਦੇ ਬਾਅਦ ਵੱਡੀ ਭੈਣ ਨੇ ਘਰ ਵਿੱਚ ਫਾਹਾ ਲਾ ਲਿਆ। ਇਸ ਬਾਰੇ ਆਈ ਟੀ ਪਾਰਕ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਪਛਾਣ ਨਿਊ ਇੰਦਰਾ ਕਾਲੋਨੀ ਦੀ ਰਹਿਣ ਵਾਲੀ 14 ਸਾਲ ਦੀ ਕਿਰਨ ਵਜੋਂ ਹੋਈ ਹੈ।

ਕਿਰਨ ਦਾ ਪਰਵਾਰ ਪਹਿਲੀ ਮੰਜ਼ਿਲ ਉੱਤੇ ਰਹਿੰਦਾ ਹੈ ਅਤੇ ਹੇਠਾਂ ਉਸ ਦੇ ਚਾਚਾ ਰਹਿੰਦੇ ਹਨ। ਕਿਰਨ ਦੇ ਪਿਤਾ ਪੇਂਟਰ ਹਨ ਤੇ ਮਾਂ ਪ੍ਰਾਈਵੇਟ ਨੌਕਰੀ ਕਰਦੀ ਹੈ। ਮਾਤਾ ਪਿਤਾ ਦੇ ਘਰੋਂ ਜਾਣ ਪਿੱਛੋਂ ਬੱਚੇ ਇਕੱਲੇ ਘਰ ਰਹਿੰਦੇ ਹਨ। ਕੱਲ੍ਹ ਕਿਰਨ ਘਰ ਵਿੱਚ ਆਪਣੇ ਭਰਾ-ਭੈਣ ਨਾਲ ਖੇਡ ਰਹੀ ਸੀ। ਇਸ ਦੌਰਾਨ ਉਸ ਦੀ ਕਿਸੇ ਗੱਲ ਤੋਂ ਬਹਿਸ ਹੋ ਗਈ। ਇਸ ਦੇ ਬਾਅਦ ਉਸ ਦੇ ਦੋਵੇਂ ਭਰਾ-ਭੈਣ ਹੇਠਾਂ ਚਾਚੇ ਦੇ ਘਰ ਆ ਗਏ। ਕਿਰਨ ਘਰ ਵਿੱਚ ਇਕੱਲੀ ਸੀ। ਰਾਤ ਨੂੰ ਜਦ ਉਸ ਦੇ ਮਾਤਾ ਪਿਤਾ ਆਏ ਤਾਂ ਦੇਖਿਆ ਕਿਰਨ ਉਪਰਲੇ ਕਮਰੇ ਵਿੱਚ ਸੀ। ਉਸ ਨੇ ਅੰਦਰੋਂ ਕੁੰਡੀ ਲਾਈ ਹੋਈ ਸੀ। ਮਾਤਾ ਪਿਤਾ ਨੇ ਦਰਵਾਜ਼ਾ ਖੜਕਾਇਆ, ਪਰ ਕਿਰਨ ਨੇ ਦਰਵਾਜ਼ਾ ਨਹੀਂ ਖੋਲ੍ਹਿਆ। ਕੁਝ ਦੇਰ ਬਾਅਦ ਉਨ੍ਹਾਂ ਨੇ ਉਪਰ ਰੋਸ਼ਨਦਾਨ ਵਿੱਚੋਂ ਦੇਖਿਆ ਤਾਂ ਕਿਰਨ ਫਾਂਸੀ ਨਾਲ ਝੂਲ ਰਹੀ ਸੀ। ਇਸ ਦੇ ਬਾਅਦ ਸੂਚਨਾ ਪੁਲਸ ਨੂੰ ਦਿੱਤੀ ਗਈ। ਕਿਰਨ ਨੂੰ ਸੈਕਟਰ 16 ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

# ਸਬਜ਼ੀ ਲੈਣ ਨਿਕਲੇ ਬਾਈਕ ਸਵਾਰ ਨੂੰ ਟਰੱਕ ਨੇ ਕੁਚਲਿਆ




ਲੁਧਿਆਣਾ, 22 ਫਰਵਰੀ (ਪੋਸਟ ਬਿਊਰੋ)- ਸਬਜ਼ੀ ਲੈਣ ਗਏ ਬਾਈਕ ਸਵਾਰ ਨੌਜਵਾਨ ਨੂੰ ਸੀਮੈਂਟ ਮਿਕਸਚਰ ਟਰੱਕ ਨੇ ਕੁਚਲ ਦਿੱਤਾ। ਨੌਜਵਾਨ ਦੀ ਮੌਕੇ ਉੱਤੇ ਮੌਤ ਹੋ ਗਈ। ਇਸ ਦੌਰਾਨ ਲੋਕ ਭੜਕ ਗਏ ਅਤੇ ਟਰੱਕ ਉੱਤੇ ਪਥਰਾਓ ਕਰ ਦਿੱਤਾ। ਸੂਚਨਾ ਮਿਲਣ ਉੱਤੇ ਪਹੁੰਚੀ ਪੁਲਸ ਨੇ ਲੋਕਾਂ ਨੂੰ ਸ਼ਾਂਤ ਕਰਵਾਇਆ। ਲੋਕਾਂ ਦਾ ਦੋਸ਼ ਹੈ ਕਿ ਪੁਲਸ ਨੇ ਟਰੱਕ ਚਾਲਕ ਨੂੰ ਮੌਕੇ ਤੋਂ ਭਜਾ ਦਿੱਤਾ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮ੍ਰਿਤਕ ਦੀ ਪਛਾਣ ਵਿਜੇ ਨਗਰ ਦੇ ਰਹਿਣ ਵਾਲੇ ਸੁਨੀਲ ਕੁਮਾਰ ਦੇ ਰੂਪ ਵਿੱਚ ਹੋਈ ਹੈ।

ਕੱਲ੍ਹ ਦੇਰ ਸ਼ਾਮ ਫੈਕਟਰੀ ਵਿੱਚ ਓਵਰਲਾਕਿੰਗ ਦਾ ਕੰਮ ਕਰਨ ਵਾਲਾ ਸੁਨੀਲ ਕੁਮਾਰ ਘਰੋਂ ਬਾਈਕ ਉੱਤੇ ਸਬਜ਼ੀ ਲੈਣ ਲਈ ਨਿਕਲਿਆ ਸੀ। ਜਦ ਉਹ ਵਿਜੈ ਨਗਰ, ਓਸਵਾਲ ਫੈਕਟਰੀ ਨੇੜੇ ਪਹੁੰਚਿਆ ਤਾਂ ਪਿੱਛੋਂ ਆ ਰਹੇ ਤੇਜ਼ ਰਫਤਾਰ ਮਿਕਸਚਰ ਟਰੱਕ ਨੇ ਉਸ ਨੂੰ ਕੁਚਲ ਦਿੱਤਾ। ਮੌਕੇ ਉੱਤੇ ਸੁਨੀਲ ਦੀ ਮੌਤ ਹੋ ਗਈ। ਇਸ ਦੌਰਾਨ ਭੜਕੇ ਲੋਕਾਂ ਨੇ ਟਰੱਕ ਉੱਤੇ ਪਥਰਾਓ ਕੀਤਾ ਅਤੇ ਚਾਲਕ ਨੂੰ ਫੜਨ ਦੀ ਕੋਸ਼ਿਸ਼ ਕੀਤੀ, ਪਰ ਓਥੇ ਪਹੁੰਚੀ ਪੁਲਸ ਨੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਬਾਅਦ ਵਿੱਚ ਪੁਲਸ ਨੂੰ ਭੀੜ ਨੂੰ ਪਰੇ ਕਰਨ ਲਈ ਹਲਕਾ ਤਾਕਤ ਦੀ ਵਰਤੋਂਕਰਨੀ ਪਈ। ਸੁਨੀਲ ਦੇ ਪਿਤਾ ਨਕੁਲ ਨੇ ਦੱਸਿਆ ਕਿ ਉਸ ਦੇ ਬੇਟੇ ਦਾ ਵਿਆਹ ਸੱਤ ਸਾਲ ਪਹਿਲਾਂ ਹੋਇਆ ਸੀ। ਉਸ ਦੀਆਂ ਦੋ ਬੇਟੀਆਂ ਹਨ। ਕੱਲ੍ਹ ਉਸ ਦਾ ਬੇਟਾ ਘਰੋਂ ਸਬਜ਼ੀ ਲੈਣ ਨਿਕਲਿਆ ਸੀ। ਤੇਜ਼ ਰਫਤਾਰ ਟਰੱਕ ਨੇ ਉਸ ਨੂੰ ਕੁਚਲ ਦਿੱਤਾ।

# ਲਾਪਰਵਾਹੀ ਕਾਰਨ ਕੋਰੋਨਾ ਦੇ ਸੈਂਪਲ ਵੀ ਗਾਇਬ



ਲੁਧਿਆਣਾ, 22 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਸਿਹਤ ਵਿਭਾਗ ਵੱਲੋਂ ਕੁਝ ਦਿਨ ਪਹਿਲਾਂ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਹੋਰ ਸਟਾਫ ਦੇ ਕੋਰੋਨਾ ਸੈਂਪਲ ਲੈਣ ਦੀ ਰਿਪੋਰਟ ਵਿੱਚੋਂ ਕਈ ਨਾਂਅ ਗਾਇਬ ਹੋਣ, ਮੋਬਾਈਲ ਨੰਬਰ ਗਲਤ ਹੋਣ ਕਰਕੇ ਇਹ ਰਿਪੋਰਟ ਸ਼ੱਕ ਦੇ ਘੇਰੇ ਵਿੱਚ ਆ ਗਈ ਹੈ।

ਇਸ ਸ਼ਹਿਰ ਦੇ ਕੋਟ ਮੰਗਲ ਸਿੰਘ ਦੀ ਇੱਕ ਅਧਿਆਪਕ ਦੇ ਕੋਰੋਨਾ ਪਾਜ਼ੀਟਿਵ ਆਉਣ ਤੋਂ ਬਾਅਦ 17 ਫਰਵਰੀ ਨੂੰ 37 ਅਧਿਆਪਕਾਂ ਅਤੇ 10 ਹੋਰ ਮੁਲਾਜ਼ਮਾਂ ਦੇ ਕੋਰੋਨਾ ਸਬੰਧੀ ਸੈਂਪਲ ਲਏ ਗਏ ਸਨ। 18 ਫਰਵਰੀ ਨੂੰ ਪਟਿਆਲੇ ਤੋਂ ਸਾਰਿਆਂ ਦੇ ਸੈਂਪਲ ਮਿਲ ਜਾਣ ਦੇ ਸੁਨੇਹੇ ਆ ਗਏ, ਪਰ ਜਦੋਂ 24 ਘੰਟਿਆਂ ਬਾਅਦ ਵੀ ਰਿਪੋਰਟ ਨਾ ਆਈ ਤੇ ਸਕੂਲ ਦੇ ਇੱਕ ਅਧਿਆਪਕ ਨੇ ਸਿਹਤ ਵਿਭਾਗ ਦੇ ਉਚ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਰਿਪੋਰਟਾਂ ਵਿੱਚ ਕਈ ਅਧਿਆਪਕਾਂ ਦੇ ਨਾਂਅ ਅਤੇ ਮੋਬਾਈਲ ਨੰਬਰ ਤੱਕ ਗਲਤ ਲਿਖੇ ਹੋਏ ਸਨ। ਸਕੂਲ ਪ੍ਰਿੰਸੀਪਲ ਹਰਮੇਸ਼ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਵੀ ਹੋਰ ਅਧਿਆਪਕਾਂ ਨਾਲ ਕੋਰੋਨਾ ਸੈਂਪਲ ਲਿਆ ਗਿਆ ਸੀ, ਪਰ ਰਿਪੋਰਟ ਅਨੁਸਾਰ ਉਨ੍ਹਾਂ ਦਾ ਸੈਂਪਲ ਨਹੀਂ ਮਿਲਿਆ। ਹੋਰ ਵੀ ਪੰਜ-ਛੇ ਅਧਿਆਪਕਾਂ ਦੇ ਸੈਂਪਲ ਗਾਇਬ ਹਨ। ਉਨ੍ਹਾਂ ਕਿਹਾ ਕਿ ਸਕੂਲ ਦੇ ਕਈ ਅਧਿਆਪਕਾਂ ਵਿੱਚ ਕੋਰੋਨਾ ਵਾਲੇ ਲੱਛਣ ਦੇਖਣ ਨੂੰ ਮਿਲ ਰਹੇ ਹਨ, ਪਰ ਉਨ੍ਹਾਂ ਦੀਆਂ ਰਿਪੋਰਟਾਂ ਨੈਗੇਟਿਵ ਆਈਆਂ ਹਨ, ਜਦ ਕਿ ਜਿਨ੍ਹਾਂ ਵਿੱਚ ਕੋਈ ਲੱਛਣ ਨਹੀਂ, ਉਹ ਸ਼ੱਕ ਦੇ ਘੇਰੇ ਵਿੱਚ ਆ ਗਏ ਹਨ। ਸਕੂਲ ਦੇ ਸਾਇੰਸ ਅਧਿਆਪਕ ਸੁਖਦਰਸ਼ਨ ਸਿੰਘ ਦਾ ਕਹਿਣਾ ਹੈ ਉਸ ਦੇ ਇਕੱਲੇ ਦੇ ਨੱਕ ਅਤੇ ਗਲੇ ਰਾਹੀਂ ਸੈਂਪਲ ਲਏ ਗਏ ਸਨ, ਜਦ ਕਿ ਰਿਪੋਰਟ ਵਿੱਚ ਬਾਕੀ ਸਟਾਫ ਦੇ ਸੈਂਪਲ ਵੀ ਨੱਕ ਤੋਂ ਲਏ ਹੋਣਾ ਦਰਸਾਇਆ ਗਿਆ ਹੈ, ਜਿਸ ਕਰ ਕੇ ਆਈ ਰਿਪੋਰਟ ਉੱਤੇ ਸਵਾਲ ਉਠਣੇ ਸੁਭਾਵਕ ਹਨ।

ਸਿਹਤ ਵਿਭਾਗ ਦੇ ਨੋਡਲ ਅਫਸਰ ਡਾਕਟਰ ਰਮੇਸ਼ ਦਾ ਕਹਿਣਾ ਹੈ ਕਿ ਕੰਪਿਊਟਰ ਵਾਲੇ ਦੀ ਗਲਤੀ ਹੋ ਸਕਦੀ ਹੈ, ਪਰ ਜਦੋਂ ਸੈਂਪਲ ਗਾਇਬ ਹੋਣ ਤੇ ਰਿਪੋਰਟ ਸ਼ੱਕ ਹੇਠ ਆਉਣ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਸੈਂਪਲ ਲੈਣ ਵਾਲੀ ਟੀਮ ਹੀ ਦੱਸ ਸਕਦੀ ਹੈ।

# ਭਾਜਪਾ ਵੱਲੋਂ ਨਵੇਂ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਮਤਾ ਪਾਸ




ਨਵੀਂ ਦਿੱਲੀ, 22 ਫਰਵਰੀ (ਪੋਸਟ ਬਿਊਰੋ)- ਭਾਜਪਾ ਨੇ ਬੀਤੇ ਦਿਨ ਖੇਤੀਬਾੜੀ ਸੈਕਟਰ ਵਿੱਚ ਸੁਧਾਰਾਂ ਅਤੇ ਕੋਵਿਡ-19 ਦੀ ਸਥਿਤੀ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਨਜਿੱਠਣ ਵਿੱਚ ਯੋਗ ਅਗਵਾਈ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਨ ਲਈ ਮਤਾ ਪਾਸ ਕੀਤਾ। ਇਹ ਮਤਾ ਭਾਜਪਾ ਦੇ ਨਵੇਂ ਕੌਮੀ ਅਹੁਦੇਦਾਰਾਂ ਦੀ ਪਹਿਲੀ ਬੈਠਕ ਦੌਰਾਨ ਪਾਸ ਕੀਤਾ ਗਿਆ। ਬੈਠਕ ਦੀ ਅਗਵਾਈ ਪਾਰਟੀ ਪ੍ਰਧਾਨ ਜੇ ਪੀ ਨੱਢਾ ਨੇ ਕੀਤੀ।

ਇਸ ਬੈਠਕ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਰਟੀ ਆਗੂਆਂ ਨੂੰ ਨਵੇਂ ਖੇਤੀ ਕਾਨੂੰਨਾਂ ਦਾ ਲਾਭ ਕਿਸਾਨਾਂ ਤੱਕ ਪਹੁੰਚਾਉਣ ਲਈ ਕਿਹਾ। ਬੈਠਕ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਅਤੇ ਬੈਠਕ ਦੀ ਸ਼ੁਰੂਆਤ ਕੋਰੋਨਾ ਵਾਇਰਸ ਕਾਰਨ ਆਪਣੀਆਂ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਨਾਲ ਕੀਤੀ ਗਈ। ਭਾਜਪਾ ਉਪ ਪ੍ਰਧਾਨ ਰਮਨ ਸਿੰਘ ਨੇ ਪੱਤਰਕਾਰ ਸੰਮੇਲਨ ਵਿੱਚ ਕਿਹਾ ਕਿ ਖੇਤੀਬਾੜੀ ਸੈਕਟਰ ਵਿੱਚ ਸੁਧਾਰਾਂ ਤੇ ਮਹਾਮਾਰੀ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਨਜਿੱਠਣ ਲਈ ਯੋਗ ਅਗਵਾਈ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਨ ਲਈ ਸਿਆਸੀ ਮਤਾ ਪਾਸ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਤੇ ਵਿੱਚ ਮਹਾਮਾਰੀ ਦੌਰਾਨ ਗਰੀਬ ਕਲਿਆਣ ਯੋਜਨਾ, ਬਜਟ ਅਤੇ ਚੀਨ ਨਾਲ ਅਸਲ ਕੰਟਰੋਲ ਰੇਖਾ ਉੱਤੇ ਸਥਿਤੀ ਨੂੰ ਸੰਭਾਲਣ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਵਰਕਰਾਂ ਨੂੰ ਪਹਿਲਾਂ ਦੇਸ਼ ਦੇ ਸਿਧਾਂਤ ਨਾਲ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਵਿਸਥਾਰ ਕਰਨ ਲਈ ਕਿਹਾ ਅਤੇ ਕਿਹਾ ਕਿ ਪਾਰਟੀ ਦਾ ਮਿਸ਼ਨ ਦੇਸ਼ ਲਈ ਕੰਮ ਕਰਨਾ ਹੈ। ਭਾਜਪਾ ਦੇ ਜਨਰਲ ਸਕੱਤਰ ਭੁਪਿੰਦਰ ਯਾਦਵ ਨੇ ਪੱਤਰਕਾਰ ਸੰਮੇਲਨ ਦੌਰਾਨ ਕਿਹਾ ਕਿ ਪ੍ਰਧਾਨ ਮੰਤਰੀ ਨੇ ਭਾਜਪਾ ਦੇ ਕੌਮੀ ਅਹੁਦੇਦਾਰਾਂ ਦੀ ਬੈਠਕ ਦੌਰਾਨ ਕਿਹਾ ਕਿ ਪਾਰਟੀ ਦਾ ਮਿਸ਼ਨ ਦੇਸ਼ ਲਈ ਕੰਮ ਕਰਨਾ ਤੇ ਉਸ ਦਾ ਵਿਕਾਸ ਕਰਨਾ ਹੈ। ਯਾਦਵ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਭਾਜਪਾ ਵਰਕਰਾਂ ਨੂੰ ਪਹਿਲਾਂ ਦੇਸ਼ ਦੇ ਸਿਧਾਂਤ ਨਾਲ ਸੰਗਠਨ ਨੂੰ ਮਜ਼ਬੂਤ ਅਤੇ ਇਸ ਦਾ ਵਿਸਥਾਰ ਕਰਨ ਲਈ ਕਿਹਾ। ਇਹ ਬੈਠਕ, ਜਿਸ ਵਿੱਚ ਭਾਜਪਾ ਸੂਬਾ ਇਕਾਈਆਂ ਦੇ ਪ੍ਰਧਾਨ ਹਾਜ਼ਰ ਸਨ, ਮਹੱਤਵਪੂਰਨ ਮੰਨੀ ਜਾ ਰਹੀ ਹੈ ਕਿਉਂਕਿ ਇਹ ਤਿੰਨ ਨਵੇਂ ਖੇਤੀ ਕਾਨੂੰਨਾਂ ਵਿਰੁੱਧ, ਪੰਜਾਬ, ਹਰਿਆਣਾ ਤੇ ਪੱਛਮੀ ਉਤਰ ਪ੍ਰਦੇਸ਼ ਦੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਦੌਰਾਨ ਹੋਈ ਹੈ। ਕਿਸਾਨ ਯੂਨੀਅਨਾਂ ਦੇ ਆਗੂ ਇਸ ਮੁੱਦੇ ਉੱਤੇ ਮੋਦੀ ਸਰਕਾਰ ਉੱਤੇ ਹਮਲੇ ਤੇਜ਼ ਕਰ ਰਹੇ ਹਨ। ਭਾਜਪਾ ਪੱਛਮੀ ਬੰਗਾਲ ਸਮੇਤ ਪੰਜ ਰਾਜਾਂ, ਜਿੱਥੇ ਚੋਣਾਂ ਹੋਣੀਆਂ ਹਨ, ਵਿੱਚ ਚੋਣ ਲੜਨ ਦੀ ਵੀ ਤਿਆਰੀ ਕਰ ਰਹੀ ਹੈ। ਬੈਠਕ ਵਿੱਚ ਸ਼ਾਮਲ ਹੋਏ ਅਹੁਦੇਦਾਰਾਂ ਦੀ ਚੋਣ ਨੱਢਾ ਦੇ ਪਾਰਟੀ ਪ੍ਰਧਾਨ ਬਣਨ ਦੇ ਬਾਅਦ ਪਿਛਲੇ ਸਾਲ ਕੀਤੀ ਗਈ ਸੀ ਅਤੇ ਕੋਵਿਡ 19 ਮਹਾਮਾਰੀ ਕਾਰਨ ਇਨ੍ਹਾਂ ਦੀ ਕੋਈ ਵੀ ਮੀਟਿੰਗ ਨਹੀਂ ਸੀ ਕੀਤੀ ਜਾ ਸਕੀ।

# ਮਿਲਾਵਟੀ ਦੁੱਧ ਵੇਚਣ ਵਾਲੇ ਨੂੰ 20 ਸਾਲ ਬਾਅਦ ਛੇ ਮਹੀਨੇ ਦੀ ਸਜ਼ਾ



ਲਖਨਊ, 22 ਫਰਵਰੀ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਮਿਲਾਵਟੀ ਦੁੱਧ ਦੇ ਵੀਹ ਸਾਲ ਪੁਰਾਣੇ ਮਾਮਲੇ ਵਿੱਚ ਇੱਕ ਦੋਧੀ ਨੂੰ ਛੇ ਮਹੀਨੇ ਦੀ ਜੇਲ੍ਹ ਦੀ ਸਜ਼ਾ ਸੁਣਾਈ ਅਤੇ ਇੱਕ ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਜੁਰਮਾਨਾ ਜਮ੍ਹਾ ਨਾ ਕਰਾਉਣ ਉੱਤੇ15 ਦਿਨ ਹੋਰ ਜੇਲ੍ਹ ਵਿੱਚ ਰਹਿਣਾ ਪਵੇਗਾ।

ਖੁਰਾਕ ਸੁਰੱਖਿਆ ਅਧਿਕਾਰੀ ਨੇ ਦੱਸਿਆ ਕਿ ਰਹਿਮਤ ਨਾਂਅ ਦੇ ਦੁੱਧ ਵਾਲੇ ਨੂੰ ਬਿਨਾਂ ਲਾਇਸੈਂਸ ਦੇ ਦੁੱਧ ਵੇਚਦੇ ਦੋ ਮਈ 2000 ਨੂੰ ਫੜਿਆ ਗਿਆ ਸੀ। ਉਸ ਤੋਂ ਦੁੱਧ ਦਾ ਸੈਂਪਲ ਲੈ ਕੇ ਜਾਂਚ ਲਈ ਭੇਜਿਆ ਗਿਆ। ਇਸ ਦੀ ਰਿਪੋਰਟ ਜੂਨ 2000 ਨੂੰ ਮਿਲੀ। ਦੁੱਧ ਵਿੱਚ ਫੈਟ ਦੀ ਮਾਤਰਾ ਤੈਅ ਮਾਪਦੰਡਾਂ ਤੋਂ 51 ਫੀਸਦੀ ਘੱਟ ਮਿਲੀ। ਉਸ ਦੇ ਖਿਲਾਫ ਖੁਰਾਕ ਅਡਲਟ੍ਰੇਸ਼ਨ ਰੋਕੂ ਐਕਟ ਦੇ ਤਹਿਤ ਕਾਰਵਾਈ ਕੀਤੀ ਗਈ ਸੀ।

ਓਧਰ ਬਿਹਾਰ ਦੇ ਗੋਪਾਲਗੰਜ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਪਿਛਲੇ ਸਾਲ ਅਗਸਤ ਵਿੱਚ ਨੌਂ ਸਾਲਾ ਨਾਬਾਲਗਾ ਦੀ ਬਲਾਤਕਾਰ ਦੇ ਬਾਅਦ ਹੱਤਿਆ ਦੇ ਮਾਮਲੇ ਵਿੱਚ 25 ਦਿਨਾਂ ਵਿੱਚ ਸੁਣਵਾਈ ਪੂਰੀ ਕਰ ਕੇ ਫੈਸਲਾ ਸੁਣਾਇਆ ਹੈ। ਇਸ ਵਿੱਚ ਅਦਾਲਤ ਨੇ ਜੈ ਕਿਸ਼ੋਰ ਸ਼ਾਹ ਨੂੰ ਪਾਕਸੋ ਸਮੇਤ ਹੋਰਨਾਂ ਧਾਰਾਵਾਂ ਵਿੱਚ ਦੋਸ਼ੀ ਕਰਾਰ ਦਿੰਦੇ ਹੋਏ ਫਾਂਸੀ ਦੀ ਸਜ਼ਾ ਸੁਣਾਈ ਹੈ। ਉਸ ਉੱਤੇ 1.20 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ।

ਏਦਾਂ ਪਹਿਲੀ ਵਾਰ ਹੋਇਐ :

# ਮੋਦੀ ਸਰਕਾਰ ਦੇ ਸਮਾਰੋਹ ਵਿੱਚ ਕਾਂਗਰਸੀ ਨੇਤਾ ਗੁਲਾਮ ਨਬੀ ਆਜ਼ਾਦ ਦੇ ਪੋਸਟਰ ਲੱਗੇ




ਨਵੀਂ ਦਿੱਲੀ, 22 ਫਰਵਰੀ (ਪੋਸਟ ਬਿਊਰੋ)- ਨਹਿਰੂ-ਗਾਂਧੀ ਪਰਵਾਰ ਵੱਲੋਂ ਕਾਂਗਰਸ ਪਾਰਟੀ ਦੇ ਅੰਦਰ ਅਣਗੌਲੇ ਜਾਣ ਕਾਰਨ ਸੀਨੀਅਰ ਨੇਤਾ ਗੁਲਾਮ ਨਬੀ ਆਜ਼ਾਦ ਅੱਜਕੱਲ੍ਹ ਭਾਜਪਾ ਦੇ ਨੇੜੇ ਪਹੁੰਚ ਗਏ ਹਨ। ਇੱਕ ਅਨੋਖੇ ਘਟਨਾਕ੍ਰਮ ਵਿੱਚ ਬੀਤੇ ਦਿਨੀਂ ਗੁਲਾਮ ਨਬੀ ਲਈ ਮੋਦੀ ਸਰਕਾਰ ਰੈਡ ਕਾਰਪੈਟ ਉੱਤੇ ਸਵਾਗਤ ਕਰਦੀ ਨਜ਼ਰ ਆਈ ਹੈ।

ਘੱਟਗਿਣਤੀ ਕਾਰਜ ਮੰਤਰਾਲੇ ਵੱਲੋਂ ਕਰਵਾਏ 'ਇੱਕ ਭਾਰਤ-ਸ਼੍ਰੇਸ਼ਠ ਭਾਰਤ' ਮੁਸ਼ਾਇਰੇ ਵਿੱਚ ਮੋਦੀ ਸਰਕਾਰ ਦੇ ਦੋ ਮੰਤਰੀ ਮੁਖਤਾਰ ਅੱਬਾਸ ਨਕਵੀ ਅਤੇ ਡਾਕਟਰ ਜਤਿੰਦਰ ਸਿੰਘ ਦੇ ਨਾਲ ਆਜ਼ਾਦ ਵੀ ਦਿਖਾਈ ਦਿੱਤੇ। ਖਾਸ ਗੱਲ ਇਹ ਹੈ ਕਿ ਅੰਬੇਡਕਰ ਇੰਟਰਨੈਸ਼ਨਲ ਸੈਂਟਰ ਵਿਖੇ ਸਵਾਗਤ ਲਈ ਦੋ ਵਿਅਕਤੀਆਂ ਦੇ ਕਟਆਊਟ ਲੱਗੇ ਸਨ। ਉਨ੍ਹਾਂ ਵਿੱਚ ਪਹਿਲਾ ਮਹਿਮਾਨ ਦੇ ਤੌਰ ਉੱਤੇ ਗੁਲਾਮ ਨਬੀ ਆਜ਼ਾਦ ਅਤੇ ਦੂਸਰਾ ਭਾਜਪਾ ਦੇ ਕੇਂਦਰੀ ਮੰਤਰੀ ਜਤਿੰ-ਦਰ ਸਿੰਘ ਦਾ। ਸ਼ਾਇਦ ਇਹ ਪਹਿਲਾ ਮੌਕਾ ਹੈ ਕਿ ਦਿੱਲੀ ਵਿੱਚ ਕਰਵਾਏ ਮੋਦੀ ਸਰਕਾਰ ਦੇ ਸਮਾਰੋਹ ਵਿੱਚ ਕਿਸੇ ਕਾਂਗਰਸੀ ਨੇਤਾ ਦੇ ਪੋਸਟਰ ਨਜ਼ਰ ਆਏ। ਡਾਕਟਰ ਜਤਿੰਦਰ ਸਿੰਘ ਅਤੇ ਗੁਲਾਮ ਨਬੀ ਦੋਵੇਂ ਜੰਮੂ-ਕਸ਼ਮੀਰ ਨਾਲ ਸਬੰਧ ਰੱਖਦੇ ਹਨ। ਦੱਸਣਾ ਬਣਦਾ ਹੈ ਕਿ ਇੱਕ ਸਮੇਂ ਰਾਜੀਵ ਗਾਂਧੀ ਦੇ ਮਜ਼ਬੂਤ ਸਮਰਥਕ ਮੰਨੇ ਜਾਣ ਵਾਲੇ ਆਜ਼ਾਦ ਨੂੰ ਕਾਂਗਰਸ ਵਿੱਚ ਰਾਹੁਲ ਦਾ ਧੜਾ ਅਸੰਤੁਸ਼ਟ ਮੰਨਦਾ ਹੈ। ਉਨ੍ਹਾਂ ਨੂੰ ਰਾਜ ਸਭਾ ਵਿੱਚ ਇੱਕ ਹੋਰ ਕਾਰਜਕਾਲ ਨਹੀਂ ਦਿੱਤਾ ਗਿਆ।

# ਸੁਪਰੀਮ ਕੋਰਟ ਨੇ ਕਿਹਾ: ਸ਼ੱਕ ਕਿੰਨਾ ਵੀ ਪੱਕਾ ਹੋਵੇ, ਸਬੂਤ ਦੀ ਥਾਂ ਨਹੀਂ ਲੈ ਸਕਦਾ



ਨਵੀਂ ਦਿੱਲੀ, 22 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸ਼ੱਕ ਕਦੇ ਵੀ ਸਬੂਤ ਦੀ ਥਾਂ ਨਹੀਂ ਲੈ ਸਕਦਾ, ਭਾਵੇਂ ਉਹ ਕਿੰਨਾ ਹੀ ਪੱਕਾ ਕਿਉਂ ਨਾ ਹੋਵੇ। ਵਾਜਬ ਸ਼ੱਕ ਤੋਂ ਪਰੇ ਦੋਸ਼ੀ ਸਾਬਤ ਹੋਣ ਤੱਕ ਕਿਸੇ ਵੀ ਮੁਲਜ਼ਮ ਨੂੰ ਨਿਰਦੋਸ਼ ਮੰਨਿਆ ਜਾਂਦਾ ਹੈ। ਜਸਟਿਸ ਇੰਦਰਾ ਬੈਨਰਜੀ ਅਤੇ ਜਸਟਿਸ ਹੇਮੰਤ ਗੁਪਤਾ ਦੇ ਬੈਂਚ ਨੇ ਓਡਿਸ਼ਾ ਹਾਈ ਕੋਰਟ ਦੇ ਇੱਕ ਫੈਸਲੇ ਨੂੰ ਬਰਕਰਾਰ ਰੱਖਦੇ ਹੋਏ ਕਿਹਾ ਕਿ ਕਿਸੇ ਵੀ ਮੁਲਜ਼ਮ ਖ਼ਿਲਾਫ਼ ਸਬੂਤਾਂ ਦੀ ਲੜੀ ਇਕਦਮ ਪੂਰੀ ਹੋਣੀ ਚਾਹੀਦੀ ਹੈ ਤਾਂ ਜੋ ਉਸ ਖ਼ਿਲਾਫ਼ ਦੋਸ਼ ਨੂੰ ਸਾਬਤ ਕੀਤਾ ਜਾ ਸਕੇ।

ਓਡਿਸ਼ਾ ਹਾਈ ਕੋਰਟ ਨੇ ਬਿਜਲੀ ਦਾ ਕਰੰਟ ਲਾ ਕੇ ਹੋਮਗਾਰਡ ਦੇ ਇੱਕ ਜਵਾਨ ਦੀ ਹੱਤਿਆ ਕਰਨ ਵਾਲੇ ਦੋ ਮੁਲਜ਼ਮਾਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਸੀ।ਗੀਤਾਂਜਲੀ ਟਾਡੂ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਸੀ ਕਿ ਚੰਦਾਬਲੀ ਥਾਣੇ ਵਿੱਚ ਤਾਇਨਾਤ ਉਸ ਦੇ ਪਤੀ ਬਿਜੇ ਕੁਮਾਰ ਟਾਡੂ ਨੂੰ ਬਾਨਾਬਿਹਾਰੀ ਮਹਾਪਾਤਰਾ, ਉਸਦੇ ਪੁੱਤਰ ਲੂਜਾ ਅਤੇ ਹੋਰਨਾਂ ਨੇ ਕੋਈ ਜ਼ਹਿਰੀਲਾ ਪਦਾਰਥ ਖੁਆ ਕੇ ਬਿਜਲੀ ਦਾ ਕਰੰਟ ਲਾ ਕੇ ਮਾਰ ਦਿੱਤਾ। ਕੋਰਟ ਨੇ ਕਿਹਾ ਕਿ ਪੋਸਟਮਾਰਟਮ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਮੌਤ ਬਿਜਲੀ ਦਾ ਕਰੰਟ ਲੱਗਣ ਨਾਲ ਹੋਈ ਪਰ ਇਸ ਬਾਰੇ ਕੋਈ ਪੱਕੇ ਸਬੂਤ ਨਹੀਂ ਹਨ ਕਿ ਇਹ ਕਤਲ ਦਾ ਮਾਮਲਾ ਹੈ। ਇਸ ਗੱਲ ਦੀ ਸੰਭਾਵਨਾ ਹੈ ਕਿ ਮੁਲਜ਼ਮਾਂ ਨੇ ਸ਼ਿਕਾਇਤਕਰਤਾ ਦੇ ਪਤੀ ਨੂੰ ਸ਼ਰਾਬ ਪਿਆਈ ਹੋਵੇ, ਜਿਵੇਂ ਪੋਸਟਮਾਰਟਮ ਕਰਨ ਵਾਲੇ ਡਾਕਟਰ ਦਾ ਮੰਨਣਾ ਹੈ। ਇਹ ਵੀ ਹੋ ਸਕਦਾ ਹੈ ਕਿ ਸੌਣ ਵੇਲੇ ਉਸ ਦਾ ਹੱਥ ਅਚਾਨਕ ਬਿਜਲੀ ਦੀਆਂ ਤਾਰਾਂ ਨੂੰ ਲੱਗ ਗਿਆ ਹੋਵੇ।ਬੈਂਚ ਨੇ ਕਿਹਾ ਕਿ ਸਬੂਤ ਵੀ ਅਜਿਹੇ ਹੋਣੇ ਚਾਹੀਦੇ ਹਨ ਜਿਨ੍ਹਾਂ ਨੂੰ ਸਾਬਤ ਕੀਤਾ ਜਾ ਸਕੇ। ਸਬੂਤਾਂ ਦੀ ਲੜੀ ਅਜਿਹੀ ਹੋਣੀ ਚਾਹੀਦੀ ਹੈ ਜਿਨ੍ਹਾਂ ਵਿੱਚ ਸ਼ੱਕ ਦੀ ਕੋਈ ਗੁਜਾਇੰਸ਼ ਨਾ ਹੋਵੇ। ਹਾਈ ਕੋਰਟ ਨੇ ਕਿਹਾ ਕਿ ਪ੍ਰਾਸੀਕਿਊਸ਼ਨ ਪੱਖ ਮੁਲਜ਼ਮਾਂ ਦਾ ਦੋਸ਼ ਸਾਬਤ ਕਰਨ ਵਿੱਚ ਅਸਫਲ ਰਿਹਾ ਹੈ। ਅਦਾਲਤ ਨੇ ਮੁਲਜ਼ਮਾਂ ਨੂੰ ਬਰੀ ਕਰ ਕੇ ਸਹੀ ਫੈਸਲਾ ਕੀਤਾ।

# ਵਿਆਹ-ਪਾਰਟੀਆਂ ਵਿੱਚ ਰੋਟੀਆਂ ਨੂੰ ਥੁੱਕ ਲਾ ਕੇ ਸੇਕਣ ਵਾਲਾ ਫਸ ਗਿਆ

ਮੇਰਠ, 22 ਫਰਵਰੀ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਮੇਰਠ ਵਿੱਚ ਪਾਰਟੀ ਦੌਰਾਨ ਤੰਦੂਰੀ ਰੋਟੀਆਂ ਉੱਤੇ ਤੌਰ ਉੱਤੇ ਥੁੱਕ ਲਾ ਕੇ ਸੇਕਣ ਵਾਲੇ ਨੌਜਵਾਨ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

ਸੋਸ਼ਲ ਮੀਡੀਆ ਉੱਤੇ ਵਾਇਰਲ ਇਸ ਵੀਡੀਓ ਤੋਂ ਦੋਸ਼ੀ ਦੀ ਪਛਾਣ ਲਿਸਾੜੀ ਗੇਟ ਦੇ ਲਖੀਪੁਰ ਨਿਵਾਸੀ ਨੌਸ਼ਾਦ ਵਜੋਂ ਹੋਈ ਹੈ, ਜੋ ਵਿਆਹ ਸ਼ਾਦੀਆਂ ਵਿੱਚ ਤੰਦੂਰੀ ਰੋਟੀ ਬਣਾਉਣ ਦਾ ਕੰਮ ਕਰਦਾ ਹੈ। ਵਰਨਣ ਯੋਗ ਹੈ ਕਿ ਥੁੱਕ ਲਾ ਕੇ ਰੋਟੀ ਸੇਕਣ ਨਾਲ ਸਬੰਧਤ ਇੱਕ ਵੀਡੀਓ ਵਾਇਰਲ ਹੋਣ ਪਿੱਛੋਂ ਇੱਕ ਗ਼ੈਰ ਸਰਕਾਰੀ ਸੰਗਠਨ ਦੇ ਸਿਟੀ ਪ੍ਰਧਾਨ ਸਚਿਨ ਸਿਰੋਹੀ ਕੱਲ੍ਹ ਸ਼ਾਮ ਹੋਰ ਵਰਕਰਾਂ ਨਾਲ ਥਾਣੇ ਪਹੁੰਚੇ ਸਨ।ਸਚਿਨ ਨੇ ਦੱਸਿਆ, ''ਇੱਕ ਵੀਡਿਓ ਵਾਇਰਲ ਹੋ ਰਿਹਾ ਹੈ, ਜੋ ਅਰੋਮਾ ਗਾਰਡਨ ਵਿੱਚ ਵਿਆਹ ਦਾ ਹੈ। ਉਨ੍ਹਾਂ ਦਸਿਆ ਕਿ ਇਸ ਵਿੱਚ ਇੱਕ ਵਿਅਕਤੀ, ਜਿਸ ਦਾ ਨਾਂ ਨੌਸ਼ਾਦ ਦੱਸਿਆ ਗਿਆ ਹੈ, ਰੋਟੀ ਬਣਾਉਂਦੇ ਸਮੇਂ ਉਸ ਉੱਤੇ ਥੁੱਕ ਲਾ ਰਿਹਾ ਹੈ ਅਤੇ ਉਸਦੇ ਬਾਅਦ ਰੋਟੀਆਂ ਨੂੰ ਤੰਦੂਰ ਵਿੱਚ ਸੇਕ ਰਿਹਾ ਹੈ।'' ਉਨ੍ਹਾਂ ਕਿਹਾ ਕਿ ਇਸ ਨਾਲ ਵਿਆਹ ਵਿੱਚ ਆਉਣ ਵਾਲੇ ਸਾਰੇ ਵਿਅਕਤੀਆਂ ਦਾ ਨਾਂ ਸਿਰਫ਼ ਧਰਮ ਭ੍ਰਿਸ਼ਟ ਹੋਇਆ ਹੈ, ਬਲਕਿ ਕੋਰੋਨਾ ਵਰਗੀ ਮਹਾਂਮਾਰੀ 'ਚ ਵਾਧੇਦੀ ਵੀ ਸੰਭਾਵਨਾ ਹੈ। ਉਨ੍ਹਾਂ ਨੇ ਦੋਸ਼ੀ ਉੱਤੇਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਪੁਲਸ ਅਧਿਕਾਰੀ ਪ੍ਰਮੋਦ ਕੁਮਾਰ ਨੇ ਦੱਸਿਆ ਕਿ ਦੋਸ਼ੀ ਨੌਸ਼ਾਦ ਅਲਵੀ ਪੁੱਤਰ ਅਖ਼ਤਰ ਵਿਰੁੱਧ ਧਾਰਾ 269, 270, 188 ਅਤੇ ਮਹਾਂਮਾਰੀ ਐਕਟ ਦੀ ਧਾਰਾ ਤਿੰਨ ਦਾ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਿਸ ਔਰਤ ਦੀ ਮਦਦ ਨਾਲ ਉਸਦੀ ਗ੍ਰਿਫ਼ਤਾਰੀ ਹੋਈ ਹੈ, ਯਸ਼ੋਦਾ ਯਾਦਵ ਹਿੰਦੂ ਵਰਕਰ ਹੈਅਤੇ ਪੇਸ਼ੇ ਵਜੋਂ ਵਕੀਲ ਹੈ। ਵਾਇਰਲ ਹੋਇਆ ਵੀਡੀਓ 16 ਫਰਵਰੀ ਦਾ ਹੈ।

# ਬਿਜਨੌਰ ਤੇ ਜੀਂਦ ਵਿੱਚ ਕਿਸਾਨਾਂ ਨੇ ਕਣਕ ਦੀ ਲਹਿਰਾਉਂਦੀ ਫਸਲ ਉੱਤੇ ਟ੍ਰੈਕਟਰ ਚਲਾਇਆ



ਬਿਜਨੌਰ, 22 ਫਰਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਬਿਜਨੌਰ ਅਤੇ ਹਰਿਆਣਾ ਦੇ ਜੀਂਦ ਵਿੱਚ ਕਿਸਾਨਾਂ ਨੇ ਤਿੰਨ ਖੇਤੀਬਾੜੀ ਕਾਨੂੰਨਾਂ ਵਿਰੁੱਧ ਆਪਣੀ ਖੜ੍ਹੀ ਲਹਿਰਾਉਂਦੀ ਕਣਕ ਦੀ ਫਸਲ ਖੁਦ ਟ੍ਰੈਕਟਰ ਚਲਾ ਕੇ ਨਸ਼ਟ ਕਰ ਦਿੱਤੀ ਹੈ। ਫਸਲ ਨੂੰ ਨਸ਼ਟ ਕਰ ਰਹੇ ਬਿਜਨੌਰ ਦੇ ਕਿਸਾਨ ਦੀ ਵੀਡਿਓ ਵਾਇਰਲ ਹੋ ਰਹੀ ਹੈ। ਇਸ ਦੇ ਨਾਲ ਹੀ ਫੇਸਬੁੱਕ ਉੱਤੇ ਭਾਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਦਿਗੰਬਰ ਸਿੰਘ ਨੇ ਦਾਅਵਾ ਕੀਤਾ ਕਿ ਬਿਜਨੌਰ ਵਿੱਚ ਕਈ ਹੋਰ ਫਸਲਾਂ ਨੂੰ ਵੀ ਨਸ਼ਟ ਕਰਨ ਦੀ ਮੁਹਿੰਮ ਸ਼ੁਰੂ ਹੋ ਗਈ ਹੈ।

ਜੀਂਦ ਜ਼ਿਲ੍ਹੇ ਦੇ ਗੁਲਕਨੀ ਪਿੰਡ ਦੇ ਇੱਕ ਕਿਸਾਨ ਰਾਮ ਮੇਹਰ ਨੇ ਆਪਣੀ ਦੋ ਏਕੜ ਜ਼ਮੀਨ ਵਿੱਚ ਖੜ੍ਹੀ ਕਣਕ ਦੀ ਫਸਲ ਉੱਤੇ ਟ੍ਰੈਕਟਰ ਚਲਾ ਦਿੱਤਾ। ਇਸ ਮੌਕੇ ਉੱਤੇ ਰਾਮ ਮੇਹਰ ਦੇ ਪਰਵਾਰ ਦੀਆਂ ਕਈ ਔਰਤਾਂ ਅਤੇ ਹੋਰ ਕਿਸਾਨ ਵੀ ਮੌਜੂਦ ਸਨ। ਕਿਸਾਨਾਂ ਨੇ ਕਿਹਾ ਕਿ ਜਦੋਂ ਤੱਕ ਮੋਦੀ ਸਰਕਾਰ ਖੇਤੀਬਾੜੀ ਕਾਨੂੰਨ ਵਾਪਸ ਨਹੀਂ ਲੈਂਦੀ, ਉਦੋਂ ਤੱਕ ਇਸ ਤਰ੍ਹਾਂ ਦੇ ਵਿਰੋਧ ਜਾਰੀ ਰਹਿਣਗੇ। ਲੋੜ ਪੈਣ ਉੱਤੇ ਇੱਕ ਸਾਲ ਦੀ ਪੂਰੀ ਫਸਲ ਨੂੰ ਅੱਗ ਲਾ ਕੇ ਸਾੜ ਦਿੱਤਾ ਜਾਵੇਗਾ।

# ਉਡਦੇ ਜਹਾਜ਼ ਦੇ ਇੰਜਣ ਵਿੱਚ ਅੱਗ ਲੱਗਣ ਦੇ ਕਾਰਨ ਰਿਹਾਇਸ਼ੀ ਇਲਾਕਿਆਂ 'ਤੇ ਮਲਬਾ ਡਿੱਗਾ




ਕੈਲੇਫ਼ੋਰਨੀਆ, 22 ਫਰਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਪਾਇਲਟ ਦੀ ਫ਼ੁਰਤੀ ਕਾਰਨ ਇੱਕ ਵੱਡਾ ਹਾਦਸਾ ਹੋਣੋਂ ਟਲ ਗਿਆ ਤੇ ਬਹਾਦਰ ਪਾਇਲਟ ਨੇ 241 ਯਾਤਰੀਆਂ ਨੂੰ ਸੁਰੱਖਿਅਤ ਧਰਤੀ 'ਤੇ ਉਤਾਰ ਦਿੱਤਾ।

ਪਤਾ ਲੱਗਾ ਹੈ ਕਿ ਅਮਰੀਕਾ ਦੀ ਯੂਨਾਈਟਿਡ ਏਅਰਲਾਇਨਜ਼ ਦੇ ਜਹਾਜ਼ ਦੇ ਇੱਕ ਇੰਜਣ ਨੂੰ ਉਸ ਸਮੇਂ ਅੱਗ ਲੱਗ ਗਈ, ਜਦੋਂ ਉਡਾਣ ਲੱਗਭਗ 15,000 ਫੁੱਟ ਦੀ ਉਚਾਈ 'ਤੇ ਉਡ ਰਹੀ ਸੀ।ਹਾਦਸੇ ਤੋਂ ਬਾਅਦ ਬੋਇੰਗ 77 ਜਹਾਜ਼ ਦੇ ਵੱਡੇ ਟੁਕੜੇ ਰਿਹਾਇਸ਼ੀ ਇਲਾਕਿਆਂ ਵਿੱਚ ਡਿੱਗਣ ਲੱਗੇ, ਪਰ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਸੁਰੱਖਿਅਤ ਤਰੀਕੇ ਨਾਲ ਕਰ ਲਈ ਗਈ ਸੀ। ਇਸ ਤਰ੍ਹਾਂ ਪਾਇਲਟ ਦੀ ਸੂਝ-ਬੂਝ ਨਾਲ 241 ਯਾਤਰੀਆਂ ਦੀ ਜਾਨ ਬਚ ਗਈ।

ਅਮਰੀਕਾ ਦੇ ਡੈਨਵਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਯੂਨਾਈਟਿਡ ਏਅਰਲਾਇਨਜ਼ ਦੇ ਜਹਾਜ਼ ਨੇ ਉਡਾਣ ਭਰੀ ਤਾਂ ਸ਼ਾਇਦ ਹੀ ਕਿਸੇ ਨੇ ਸੋਚਿਆ ਹੋਵੇਗਾ ਕਿ ਕੁਝ ਮਿੰਟਾਂ ਵਿੱਚ ਇੱਕ ਖ਼ੌਫਨਾਕ ਦ੍ਰਿਸ਼ ਸਾਹਮਣੇ ਆਜਾਵੇਗਾ। ਟੇਕ ਆਫ਼ ਤੋਂ ਕੁਝ ਸਕਿੰਟਾਂ ਬਾਅਦ ਇੱਕ ਇੰਜਣ ਫ਼ੇਲ੍ਹ ਹੋ ਗਿਆ ਤੇ ਅੱਗ ਦੀਆਂ ਲਾਟਾਂ ਨਾਲ ਬਲਣਾ ਸ਼ੁਰੂ ਹੋ ਗਿਆ।ਫ਼ੈਡਰਲ ਹਵਾਬਾਜ਼ੀ ਪ੍ਰਸ਼ਾਸਨ ਨੇ ਦਸਿਆ ਕਿ ਹੋਨੋਲੂਲੂ ਜਾ ਰਿਹਾ ਬੋਇੰਗ 777 ਜਹਾਜ਼ ਦਾ ਇੱਕ ਇੰਜਣ ਫ਼ੇਲ੍ਹ ਹੋਣ ਕਾਰਨ ਟੇਕ-ਆਫ਼ ਤੋਂ ਥੋੜ੍ਹੀ ਦੇਰ ਬਾਅਦ ਵਾਪਸ ਆ ਗਿਆ। ਇਸ 'ਚ ਉਡਾਣ ਤੋਂ ਬਾਅਦ ਇੰਜਣ ਦੇ ਫ਼ੇਲ੍ਹ ਹੋਣ ਕਾਰਨ ਅੱਗ ਲੱਗ ਗਈ ਸੀ, ਜਿਸ ਦੀ ਇੱਕ ਵੀਡਿਓ ਵੀ ਇੱਕ ਯਾਤਰੀ ਨੇ ਬਣਾ ਲਈ ਸੀ। ਚੰਗੀ ਗੱਲ ਇਹ ਹੈ ਕਿ ਜਹਾਜ਼ ਉਡਾਣ ਭਰਨ ਦੇ 20 ਮਿੰਟਾਂ ਵਿੱਚ ਵਾਪਸ ਉਤਰਿਆ ਅਤੇ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਿਆ।

# ਦੁਬਈ ਵਿੱਚ ਚਾਰ ਔਰਤਾਂ ਨੇ ਡੇਟਿੰਗ ਐਪ ਰਾਹੀਂ ਭਾਰਤੀ ਤੋਂ 50 ਲੱਖ ਰੁਪਏ ਲੁੱਟੇ



ਦੁਬਈ, 22 ਫਰਵਰੀ (ਪੋਸਟ ਬਿਊਰੋ)- ਭਾਰਤ ਦੇ ਇੱਕ 33 ਸਾਲਾਂ ਦੇ ਨੌਜਵਾਨ ਤੋਂ ਚਾਰ ਔਰਤਾਂ ਨੇ ਡੇਟਿੰਗ ਐਪ ਦੇ ਮਾਧਿਅਮ ਰਾਹੀਂ ਫ਼ਰਜ਼ੀ ਮਸਾਜ ਸੈਂਟਰ ਉਤੇ ਬੁਲਾ ਕੇ 50 ਲੱਖ ਰੁਪਏ ਲੁੱਟ ਲਏ। ਇਸ ਮਾਮਲੇ ਦੇ ਸੰਬੰਧ ਵਿੱਚ ਦੁਬਈ ਦੀ ਅਦਾਲਤ ਵਿੱਚ ਸੁਣਵਾਈ ਕੀਤੀ ਜਾ ਰਹੀ ਹੈ।

ਨੌਜਵਾਨ ਅਨੁਸਾਰ ਡੇਟਿੰਗ ਐਪ 'ਤੇ ਦਿੱਤੇ ਗਏ ਨੰਬਰ ਦੇ ਮਾਧਿਅਮ ਰਾਹੀਂ ਨਵੰਬਰ 2020 ਵਿੱਚ ਉਹ ਦੁਬਈ ਦੇ ਅਲ ਰੇਫਾ ਖੇਤਰ ਵਿੱਚ ਬਣੇ ਇੱਕ ਅਪਾਰਟਮੈਂਟ ਵਿੱਚ ਪੁੱਜਾ ਸੀ। ਇਥੇ ਉਸ ਨੂੰ ਚਾਰ ਅਫ਼ਰੀਕਨ ਔਰਤਾਂ ਮਿਲੀਆਂ। ਇਨ੍ਹਾਂ ਔਰਤਾਂ ਨੇ ਉਸ ਨੂੰ ਘੇਰ ਲਿਆ ਅਤੇ ਚਾਕੂ ਦਿਖਾ ਕੇ ਮੋਬਾਈਲ ਬੈਂਕ ਦੀ ਐਪ ਖੋਲ੍ਹਣ ਨੂੰ ਕਿਹਾ। ਨਾਂਹ-ਨੁਕਰ ਕਰਨ 'ਤੇ ਉਸ ਦੇ ਗਲੇ 'ਤੇ ਚਾਕੂ ਰੱਖਦੇ ਹੋਏ ਥੱਪੜ ਮਾਰਿਆ। ਇਸ ਪਿੱਛੋਂ ਉਨ੍ਹਾਂ ਨੇ ਲੱਗਭਗ 50 ਲੱਖ ਰੁਪਏ ਟਰਾਂਸਫ਼ਰ ਕਰਵਾ ਲਏ। ਬਾਅਦ ਵਿੱਚ ਨੌਜਵਾਨ ਦਾ ਫ਼ੋਨ ਵੀ ਰੱਖਵਾ ਲਿਆ।

ਦੁਬਈ ਪੁਲਸ ਅਨੁਸਾਰ ਇਸ ਘਟਨਾ ਦੇ ਸਬੰਧ ਵਿੱਚ ਤਿੰਨ ਨਾਈਜੀਰੀਆਈ ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਚੌਥੀ ਔਰਤ ਅਜੇ ਪਕੜ ਤੋਂ ਬਾਹਰ ਹੈ। ਫੜੀ ਗਈ ਇੱਕ ਔਰਤ ਨੇ ਦਸਿਆ ਕਿ ਉਨ੍ਹਾਂ ਨੇ ਟਿੰਡਰ ਐਪ ਰਾਹੀਂ ਉਸ ਨੂੰ ਮਸਾਜ ਸਰਵਿਸ ਦੇਣ ਦੇ ਨਾਂ 'ਤੇ ਫਸਾਇਆ ਸੀ। ਉਸ ਨੇ ਨੌਜਵਾਨ ਨੂੰ ਬੰਧਕ ਬਣਾ ਕੇ ਧਨ ਦੁਬਈ ਤੋਂ ਬਾਹਰ ਟਰਾਂਸਫ਼ਰ ਕਰਨ ਅਤੇ ਕ੍ਰੈਡਿਟ ਕਾਰਡ ਰਾਹੀਂ ਕੱਢਣ ਦੀ ਗੱਲ ਵੀ ਮੰਨ ਲਈ ਹੈ। ਇਨ੍ਹਾਂ ਔਰਤਾਂ 'ਤੇ ਲੁੱਟ, ਬੰਧਕ ਬਣਾਉਣ ਅਤੇ ਵੇਸਵਾਪੁਣੇ ਦਾ ਮੁਕੱਦਮਾ ਚਲਾਇਆ ਜਾ ਰਿਹਾ ਹੈ।

## ਕਿਸਾਨ ਅੰਦੋਲਨ ਦੇ ਬਹਾਨੇ ਆਗੂ ਭੁਪਿੰਦਰ ਸਿੰਘ ਹਾਲੈਂਡ ਨੂੰ ਦਿੱਲੀ ਹਵਾਈ ਅੱਡੇ ਤੋਂ ਮੋੜਿਆ ਗਿਆ

ਮਾਨਹਾਈਮ, 22 ਫਰਵਰੀ (ਪੋਸਟ ਬਿਊਰੋ)- ਪਹਿਲੇ ਅਤੇ ਦੂਜੇ ਸੰਸਾਰ ਯੁੱਧ ਵਿੱਚ ਸਿੱਖ ਫੌਜੀਆਂ ਦੀ ਦੇਣ ਸਬੰਧੀ ਕਿਤਾਬਾਂ ਦੇ ਲੇਖਕ ਸਿੱਖ ਆਗੂ ਭੁਪਿੰਦਰ ਸਿੰਘ ਹਾਲੈਂਡ (ਹਾਲੈਂਡ ਦੇ ਨਾਗਰਿਕ) 17 ਫਰਵਰੀ ਨੂੰ ਅੰਤਰਰਾਸ਼ਟਰੀ ਹਵਾਈ ਅੱਡਾ ਦਿੱਲੀ ਪਹੁੰਚੇ ਤਾਂ ਉਨ੍ਹਾਂ ਨੂੰ 28 ਘੰਟਿਆਂ ਬਾਅਦ 18 ਫਰਵਰੀ ਨੂੰ ਐਮਸਟਰਡਮ ਮੋੜ ਦਿੱਤਾ ਗਿਆ।

ਭੁਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਭਾਰਤੀ ਦੂਤਘਰ ਵੱਲੋਂ ਸਾਰੇ ਕਾਗਜ਼ਾਤ ਮੁਕੰਮਲ ਸਨ ਅਤੇ ਕੋਰੋਨਾ ਰਿਪੋਰਟ ਵੀ ਨੈਗੇਟਿਵ ਸੀ।ਉਨ੍ਹਾਂ ਦੱਸਿਆ ਕਿ ਮੈਨੂੰ ਇੱਕ ਕਮਰੇ ਵਿੱਚ ਲਿਜਾਇਆ ਗਿਆ, ਜਿੱਥੇ ਅਫਸਰਾਂ ਨੇ ਸਵਾਲ ਕੀਤਾ ਕਿ ਕਿਸਾਨ ਅੰਦੋਲਨ ਦੌਰਾਨ ਤੁਸੀਂ ਕਿਉਂ ਆਏ ਹੋ? ਦੂਜਾ ਸਵਾਲ ਇਹ ਸੀ ਕਿ ਇੱਥੇ ਕੋਰੋਨਾ ਲਾਗ ਦਾ ਖਤਰਾ ਹੈ। ਅਧਿਕਾਰੀ ਵਾਰ-ਵਾਰ ਇਹੋ ਆਖ ਰਹੇ ਸਨ ਕਿ ਕਿਸਾਨ ਸਾਡੇ ਹਨ, ਅਸੀਂ ਕਿਸਾਨਾਂ ਦੇ ਹਾਂ, ਪਰ ਵਿਦੇਸ਼ 'ਚ ਬੈਠੇ ਲੋਕ ਮਾਲੀ ਮਦਦ ਕਰ ਕੇ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ। ਤੁਸੀਂ ਵਿਦੇਸ਼ਾਂ 'ਚ ਕਿਸਾਨ ਅੰਦੋਲਨ ਸਬੰਧੀ ਮੁਜ਼ਾਹਰੇ ਕਰ ਰਹੇ ਹੋ। ਭੁਪਿੰਦਰ ਸਿੰਘ ਨੇ ਦੱਸਿਆ ਕਿ ਉਸ ਨੂੰ 28 ਘੰਟੇ ਸਿਰਫ ਇੱਕ ਕੁਰਸੀ 'ਤੇ ਹੀ ਬਿਠਾਈ ਰੱਖਿਆ, ਜਦ ਕਿ ਉਹ ਦਿਲ ਅਤੇ ਸ਼ੂਗਰ ਦੀ ਬਿਮਾਰੀ ਤੋਂ ਪੀੜਤ ਹਨ ਅਤੇ ਸਾਰਾ ਸਮਾਂ ਸਿਰਫ ਫਿੱਕੀ ਚਾਹ 'ਤੇ ਹੀ ਲੰਘਿਆ। ਅਧਿਕਾਰੀਆਂ ਦਾ ਵਰਤਾਓ ਨਿੰਦਣਯੋਗ ਸੀ। ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਭਾਰਤ ਸਰਕਾਰ ਦੇ ਇਸ ਵਰਤਾਓ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ।

# ਮਰੇ ਹੋਏ ਲੋਕਾਂ ਦੇ ਦਿਲਾਂ ਨੂੰ ਫਿਰ ਧੜਕਾਉਣ ਵਾਲੀ ਮਸ਼ੀਨ ਵੀ ਬਣੀ

ਲੰਡਨ, 22 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੇ ਡਾਕਟਰਾਂ ਨੇ ਪਹਿਲੀ ਵਾਰ ਇੱਕ ਖਾਸ ਕਿਸਮ ਦੀ ਮਸ਼ੀਨ ਦਾ ਵਰਤੋਂ ਕਰ ਕੇ ਅਜਿਹੇ ਦਿੱਲ ਦਾ ਟ੍ਰਾਂਸਪਲਾਂਟ ਕੀਤਾ ਹੈ, ਜੋ ਧੜਕਣਾ ਬੰਦ ਕਰ ਚੁੱਕੇ ਸਨ। ਯਾਨੀ ਉਹ ਮ੍ਰਿਤਕ ਐਲਾਨ ਹੋ ਚੁੱਕੇ ਵਿਅਕਤੀਆਂ ਦੇ ਸਨ। ਅਜੇ ਤੱਕ ਛੇ ਬੱਚਿਆਂ ਵਿੱਚ ਅਜਿਹੇ ਦਿੱਲਾਂ ਨੂੰ ਟਰਾਂਸਪਲਾਂਟ ਕੀਤਾ ਜਾ ਚੁੱਕਾ ਹੈ। ਇਹ ਸਾਰੇ ਬੱਚੇ ਪੂਰੀ ਤਰ੍ਹਾਂ ਤੰਦਰੁਸਤ ਹਨ। ਇਸ ਤੋਂ ਪਹਿਲਾਂ ਕੇਵਲ ਉਨ੍ਹਾਂ ਲੋਕਾਂ ਦਾ ਹਾਰਟ ਟਰਾਂਸਪਲਾਂਟ ਹੁੰਦਾ ਸੀ, ਜੋ ਬ੍ਰੇਨ ਡੈਡ ਐਲਾਨ ਕੀਤੇ ਹੁੰਦੇ ਸਨ। ਬ੍ਰਿਟੇਨ ਦੇ ਨੈਸ਼ਨਲ ਹੈਲਥ ਸਰਵਿਸ ਦੇ ਡਾਕਟਰਾਂ ਨੇ ਹਾਰਟ ਟਰਾਂਸਪਲਾਂਟ ਦੀ ਤਕਨੀਕ ਵਿੱਚ ਇੱਕ ਕਦਮ ਹੋਰ ਅੱਗੇ ਵਧਾ ਦਿੱਤਾ ਹੈ।

ਕੈਂਬ੍ਰਿਜਸ਼ਾਇਰ ਦੇ ਰਾਇਲ ਪੇਪਵਰਥ ਹਸਪਤਾਲ ਦੇ ਡਾਕਟਰਾਂ ਨੇ ਆਰਗਨ ਕੇਅਰ ਮਸ਼ੀਨ ਵਿੱਚ ਮ੍ਰਿਤਕ ਲੋਕਾਂ ਦੇ ਦਿੱਲਾਂ ਨੂੰ ਜਿੰਦਾ ਕਰ ਕੇ ਛੇ ਬੱਚਿਆਂ ਦੇ ਸਰੀਰ ਵਿੱਚ ਧੜਕਣ ਪੈਦਾ ਕਰ ਦਿੱਤੀ ਹੈ। ਇਹ ਪ੍ਰਾਪਤੀ ਕਰਨ ਵਾਲੀ ਇਹ ਪਹਿਲੀ ਟੀਮ ਹੈ। ਆਰਗਨ ਡੋਨੇਸ਼ਨ ਵਿਭਾਗ ਦੇ ਡਾਇਰੈਕਟਰ ਡਾਕਟਰ ਜਾਨ ਫੋਰਸਿਥ ਨੇ ਕਿਹਾ, ਇਸ ਤਕਨੀਕ ਨਾਲ 12 'ਚੋਂ 16 ਸਾਲ ਦੇ ਬੱਚਿਆਂ ਨੂੰ ਨਵਾਂ ਜੀਵਨ ਮਿਲਿਆ। ਲੋਕ ਮਰਨ ਦੇ ਬਾਅਦ ਜ਼ਿਆਦਾ ਹਾਰਟ ਡੋਨੇਟ ਕਰ ਸਕਣਗੇ। ਐਨ ਐਚ ਐਸ ਦੇ ਡਾਕਟਰਾਂ ਨੇ 'ਆਰਗਨ ਕੇਅਰ ਸਿਸਟਮ' ਮਸ਼ੀਨ ਬਣਾਈ ਹੈ। ਮੌਤ ਦੀ ਪੁਸ਼ਟੀ ਹੁੰਦੇ ਸਾਰ ਡੋਨਰ ਦੇ ਦਿੱਲ ਨੂੰ ਕੱਢ ਕੇ ਮਸ਼ੀਨ ਵਿੱਚ ਰੱਖ ਕੇ 12 ਘੰਟੇ ਤੱਕ ਜਾਂਚਿਆ ਜਾਂਦਾ ਹੈ ਅਤੇ ਬਾਅਦ ਵਿੱਚ ਟਰਾਂਸਪਲਾਂਟ ਕੀਤਾ ਜਾਂਦਾ ਹੈ। ਡੋਨਰ ਤੋਂ ਮਿਲੇ ਦਿੱਲ ਨੂੰ ਜਿਸ ਮਰੀਜ਼ ਦੇ ਸਰੀਰ ਵਿੱਚ ਲਾਉਣਾ ਹੈ, ਉਸ ਦੇ ਸਰੀਰ ਦੀ ਆਕਸੀਜਨ, ਬਲੱਡ ਗਰੁੱਪ ਇਸ ਮਸ਼ੀਨ ਵਿੱਚ ਰੱਖੇ ਦਿੱਲ ਵਿੱਚ 24 ਘੰਟੇ ਤੱਕ ਐਕਟਿਵ ਕੀਤਾ ਜਾਂਦਾ ਹੈ।ਜਿਨ੍ਹਾਂ ਦੋ ਜਣਿਆਂ ਵਿੱਚ ਸਭ ਤੋਂ ਪਹਿਲਾਂ ਹਾਰਟ ਟਰਾਂਸਪਲਾਂਟ ਕੀਤਾ ਗਿਆ, ਉਨ੍ਹਾਂ ਵਿੱਚ ਬ੍ਰਿਸਟਲ ਦੀ ਫਰੇਆ ਹਮਿੰਗਟਨ (14) ਅਤੇ ਵਾਰਸੈਸ਼ਟਰ ਦੀ ਏਨਾ ਹੇਡਲੀ (16) ਸ਼ਾਮਲ ਹਨ। ਏਨਾ ਕਹਿੰਦੀ ਹੈ, ਮੈਂ ਪਹਿਲਾਂ ਵਾਂਗ ਹਾਕੀ ਖੇਡ ਸਕਦੀ ਹਾਂ ਅਤੇ ਬਿਲਕੁਲ ਤੰਦਰੁਸਤ ਹਾਂ। ਫਰੇਆ ਦਾ ਕਹਿਣਾ ਹੈ, ਮੈਂ ਤਾਂ ਹੋਰ ਤਾਕਤਵਰ ਹਾਂ, ਪਹਾੜ 'ਤੇ ਵੀ ਚੜ੍ਹ ਸਕਦੀ ਹਾਂ।

# ਪੰਜਾਬੀ ਮਾਂ ਬੋਲੀ ਦੇ ਹੱਕ ਵਿੱਚ ਲਾਹੌਰ ਵਿਖੇ ਰੋਸ ਮੁਜ਼ਾਹਰਾ

ਲਾਹੌਰ, 22 ਫਰਵਰੀ (ਪੋਸਟ ਬਿਊਰੋ)- ਵਿਸ਼ਵ ਮਾਂ ਬੋਲੀ ਦਿਹਾੜੇ ਮੌਕੇ ਕੱਲ੍ਹ ਲਾਹੌਰ ਦੀ ਪੰਜਾਬ ਅਸੈਂਬਲੀ ਮਾਲ ਰੋਡ ਅੱਗੇ ਪੰਜਾਬੀ ਪ੍ਰਚਾਰ ਸੰਸਥਾ, ਪੰਜਾਬੀ ਖੋਜ ਗੜ੍ਹ ਲਲਿਆਣੀ, ਲੁਕਾਈ ਪੰਜਾਬ, ਪੰਜਾਬੀ ਸਾਂਝ ਸੰਗਤ, ਪੰਜਾਬੀ ਅਦਬੀ ਸੰਗਤ, ਪੰਜਾਬੀ ਅਦਬੀ ਬੋਰਡ, ਦਿਲ ਦਰਿਆ ਗੁਜਰਾਤ, ਬਾਲ ਅਦਬ, ਪੰਜਾਬ ਲੋਕ ਲਹਿਰ ਸਾਹੀਵਾਲ, ਪੰਜਾਬੀ ਅਦਬੀ ਸੰਗਤ ਕੰਗਣਪੁਰ, ਪੰਜਾਬੀ ਮਰਕਜ਼, ਸਾਂਝਾ ਵਿਹੜਾ, ਸਿੱਖ-ਮੁਸਲਿਮ ਫ਼ਰੈਂਡਸ਼ਿਪ ਮਿਸ਼ਨ, ਪੰਜਾਬ ਸੋਸ਼ਲ ਮੂਵਮੈਂਟ ਆਦਿ ਸੰਸਥਾਵਾਂ ਵੱਲੋਂ ਮਾਂ-ਬੋਲੀ ਪੰਜਾਬੀ ਨੂੰ ਉਸ ਦਾ ਬਣਦਾ ਹੱਕ, ਸਨਮਾਨ ਅਤੇ ਇਨਸਾਫ਼ ਦਿਵਾਉਣ ਲਈ ਵਿਸ਼ਾਲ ਪੱਧਰ 'ਤੇ ਰੋਸ ਮੁਜ਼ਾਹਰਾ ਕੀਤਾ ਗਿਆ। ਉਕਤ ਸੰਸਥਾਵਾਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਸਮੇਤ ਪੰਜਾਬੀ ਭਾਸ਼ਾ ਸਨੇਹੀ ਵੱਡੀ ਗਿਣਤੀ 'ਚ ਪੰਜਾਬ ਅਸੈਂਬਲੀ ਵਿਖੇ ਪਹੁੰਚੇ ਅਤੇ ਸੂਬਾ ਸਰਕਾਰ ਨੂੰ ਅਦਾਲਤ ਵੱਲੋਂ ਲਹਿੰਦੇ ਪੰਜਾਬ 'ਚ ਸਕੂਲੀ ਪੱਧਰ 'ਤੇ ਪੰਜਾਬੀ ਨੂੰ ਲਾਜ਼ਮੀ ਕਰਨ ਦੇ ਦਿੱਤੇ ਹੋਏ ਫ਼ੈਸਲੇ ਨੂੰ ਜਲਦ ਲਾਗੂ ਕਰਨ ਦੀ ਅਪੀਲ ਕੀਤੀ।

ਲਾਹੌਰ ਤੋਂ ਪੰਜਾਬੀ ਪ੍ਰਚਾਰ ਸੰਸਥਾ ਦੇ ਜਨਰਲ ਸਕੱਤਰ ਬਾਬਰ ਜਲੰਧਰੀ ਨੇ ਦਸਿਆ ਕਿ ਪ੍ਰਦਰਸ਼ਨਕਾਰੀਆਂ ਦੇ ਪੰਜਾਬ ਅਸੈਂਬਲੀ ਵਿਖੇ ਪਹੁੰਚਣ 'ਤੇ ਪੰਜਾਬੀ ਵਿਦਵਾਨਾਂ, ਸਾਹਿਤਕਾਰਾਂ, ਪੱਤਰਕਾਰਾਂ, ਵਕੀਲਾਂ ਅਤੇ ਗੀਤਕਾਰਾਂ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਅਹਿਮਦ ਰਜ਼ਾ ਖ਼ਾਂ ਨੇ ਦਸਿਆ ਕਿ ਲਹਿੰਦੇ ਪੰਜਾਬ 'ਚ 75.23 ਫ਼ੀਸਦੀ ਲੋਕਾਂ ਵੱਲੋਂ ਪੰਜਾਬੀ ਬੋਲੇ ਜਾਣ ਦੇ ਬਾਵਜੂਦ ਪੰਜਾਬੀ ਨੂੰ ਪ੍ਰਮੁੱਖ ਭਾਸ਼ਾ ਦਾ ਸਥਾਨ ਨਹੀਂ ਦਿੱਤਾ ਜਾ ਸਕਿਆ। ਉਨ੍ਹਾਂ ਨੇ ਮੰਗ ਕੀਤੀ ਕਿ ਪਾਕਿ ਦੇ ਹੋਰਰਾਜਾਂ ਵਾਂਗ ਸੂਬਾ ਪੰਜਾਬੀ 'ਚ ਮਾਂ-ਬੋਲੀ ਨੂੰ ਲਾਜ਼ਮੀ ਕੀਤਾ ਜਾਵੇ, ਕਾਲਜਾਂ ਵਿੱਚ ਪੰਜਾਬੀ ਪ੍ਰੋਫ਼ੈਸਰਾਂ ਦੀਆਂ ਖ਼ਾਲੀ ਪਈਆਂ ਅਸਾਮੀਆਂ ਭਰੀਆਂ ਜਾਣ, ਪਾਕਿ-ਸਤਾਨ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਪੰਜਾਬ ਦੇ ਸਕੂਲਾਂ 'ਚ ਨਰਸਰੀ ਜਮਾਤ ਤੋਂ ਗਰੈਜੂਏਸ਼ਨ ਦੀ ਪੜ੍ਹਾਈ ਤੱਕ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਲਾਗੂ ਕੀਤਾ ਜਾਵੇ, ਪੰਜਾਬੀ ਅਸੈਂਬਲੀ ਵਿੱਚ ਪੰਜਾਬੀ ਬੋਲਣ 'ਤੇ ਲਾਈ ਪਾਬੰਦੀ ਨੂੰ ਖ਼ਤਮ ਕੀਤਾ ਜਾਵੇ ਅਤੇ ਸਕੂਲੀ ਪੰਜਾਬੀ ਪੁਸਤਕਾਂ 'ਚ ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਬਾਬਾ ਗੁਰੂ ਨਾਨਕ ਦੇਵ ਜੀ, ਸ਼ੇਖ਼ ਫ਼ਰੀਦ, ਵਾਰਸ ਸ਼ਾਹ ਆਦਿ ਦੇ ਪੰਜਾਬੀ ਸੂਫ਼ੀ ਕਲਾਮ ਸ਼ਾਮਲ ਕੀਤੇ ਜਾਣ। ਪ੍ਰਸਿੱਧ ਕਵੀ ਬਾਬਾ ਨਜ਼ਮੀ, ਵਿਸ਼ੇਸ਼ ਤੌਰ 'ਤੇ ਪਹੁੰਚੇ ਬਰਿਸਟਰ ਇਤਹਾਦ ਅਹਸਨ, ਅਫ਼ਜ਼ਲ ਸਾਹਿਰ, ਮੁਦਸਰ ਇਕਬਾਲ ਬੱਟ ਨੇ ਵੀ ਸੂਬੇ ਦੇ ਲੋਕਾਂ ਅੱਗੇ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਉਸਾਰੂ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਪੰਜਾਬੀ ਭਾਸ਼ਾ ਨਾਲ ਹੀਣ ਭਾਵਨਾ ਜੋੜ ਦਿੱਤੀ ਗਈ ਹੈ, ਜਿਸ ਕਾਰਨ ਨਵੀਂ ਪੀੜ੍ਹੀ ਪੰਜਾਬੀ ਭਾਸ਼ਾ ਤੋਂ ਆਪਣੀ ਦੂਰੀ ਬਣਾ ਰਹੀ ਹੈ। ਇਸ ਮੌਕੇ ਹਾਜ਼ਰ ਪੰਜਾਬੀ ਭਾਸ਼ਾ ਦੇ ਕਾਰਕੁਨਾਂ ਤੇ ਸਾਹਿਤ ਸੰਗਠਨਾਂ ਨੇ ਪੰਜਾਬੀ ਭਾਸ਼ਾ ਨੂੰ ਉਸਦਾ ਬਣਦਾ ਹੱਕ ਤੇ ਮਾਣ-ਸਨਮਾਨ ਦਿਵਾਉਣ ਲਈ ਅਹਿਦ ਲੈਣ ਦੀ ਵੀ ਗੱਲ ਕਹੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11", ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7", ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੇ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

905-793-2202

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

